ਚੜ੍ਹਦੀਕਲਾ ਪੜ੍ਹੋ
ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ ਲਈ
ਆਪਣੇ ਅਖ਼ਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' DAILY CHARHDIKALA, CHANDIGARH ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Wednesday, 22 April 2026 ) ਚੰਡੀਗੜ੍ਹ, ਬੁੱਧਵਾਰ, 22 ਅਪ੍ਰੈਲ, 2026, 9 ਵੈਸਾਖ ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083

ਚੜ੍ਹਦੀਕਲਾ
ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ
news@charhdikala.com
ਉੱਤੇ ਹੀ ਭੇਜਿਆ ਜਾਵੇ ਜੀ

PRGI (RNI) Regd. No. CHPUN/25/A1790 ਸਾਲ (Year) 2 ਅੰਕ ਨੰਬਰ (Volume No.) 110 ਮੁੱਲ : 2.00 ਰੁਪਏ ਫ਼ੋਨ: +91-92168-07500 E-mail: news@charhdikala.com

## ਜੇਲ੍ਹ ਅੰਦਰ ਮੋਬਾਈਲ ਫੋਨ ਦੀ ਵਰਤੋਂ ਜੇਲ੍ਹ ਪ੍ਰਬੰਧਾਂ 'ਚ ਗੰਭੀਰ ਲਾਪ੍ਰਵਾਹੀ : ਹਾਈਕੋਰਟ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਗੱਲ ਦਾ ਨੋਟਿਸ ਲਿਆ ਹੈ ਕਿ ਕਿਵੇਂ ਇੱਕ ਮੁਲਜ਼ਮ ਹਿਰਾਸਤ ਵਿੱਚ ਰਹਿੰਦਿਆਂ ਮੋਬਾਈਲ ਫੋਨ ਰਾਹੀਂ ਆਪਣੇ ਦੂਜੇ ਸਾਥੀਆਂ ਨਾਲ ਸੰਪਰਕ ਵਿੱਚ ਰਹਿ ਸਕਦਾ ਹੈ। ਅਦਾਲਤ ਨੇ ਕਿਹਾ ਕਿ ਇਹ ਸਥਿਤੀ ਜਾਂ ਤਾਂ ਝੂਠੀ ਕਹਾਣੀ ਵੱਲ ਇਸ਼ਾਰਾ ਕਰਦੀ ਹੈ ਜਾਂ ਫਿਰ ਜੇਲ੍ਹ ਪ੍ਰਬੰਧਾਂ ਵਿੱਚ ਇੱਕ ਬਹੁਤ ਹੀ ਗੰਭੀਰ ਲਾਪ੍ਰਵਾਹੀ ਨੂੰ ਦਰਸਾਉਂਦੀ ਹੈ। ਜਸਟਿਸ ਸੰਜੇ ਵਸ਼ਿਸ਼ਟ ਨੇ ਇੱਕ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਪੱਸ਼ਟ ਕੀਤਾ ਕਿ ਇਹ ਮਾਮਲਾ ਸਿਰਫ਼ ਇੱਕ ਕੇਸ ਤੱਕ ਸੀਮਤ ਨਹੀਂ ਹੈ, ਸਗੋਂ ਇਹ ਪੂਰੇ ਸਿਸਟਮ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦਾ ਹੈ।




ਉਨ੍ਹਾਂ ਕਿਹਾ ਕਿ ਜਾਂ ਤਾਂ ਦੋਸ਼ ਗਲਤ ਹਨ ਜਾਂ ਫਿਰ ਜੇਲ੍ਹ ਅਧਿਕਾਰੀਆਂ ਦੀ ਮਿਲੀਭੁਗਤ ਜਾਂ ਲਾਪ੍ਰਵਾਹੀ ਕਾਰਨ ਮੁਲਜ਼ਮ ਨੂੰ ਮੋਬਾਈਲ ਫੋਨ ਤੱਕ ਪਹੁੰਚ ਮਿਲੀ ਹੈ। ਅਦਾਲਤ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਜੇਲ੍ਹ ਦੇ ਅਨੁਸ਼ਾਸਨ ਅਤੇ ਜਨਤਕ ਵਿਵਸਥਾ ਦੀ ਬੁਨਿਆਦ 'ਤੇ ਸਵਾਲ ਖੜ੍ਹੇ ਕਰਦੀਆਂ ਹਨ। ਬੈਂਚ ਨੇ ਟਿੱਪਣੀ ਕੀਤੀ ਕਿ ਹਰਿਆਣਾ ਦੇ ਗ੍ਰਹਿ ਵਿਭਾਗ ਨੂੰ ਇਸ ਮਾਮਲੇ ਵਿੱਚ ਗੰਭੀਰ ਆਤਮ-ਮੰਥਨ ਕਰਨ ਦੀ ਲੋੜ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਪੇਚੀਦਗੀਆਂ ਤੋਂ ਬਚਿਆ ਜਾ ਸਕੇ ਖਾਸ ਕਰਕੇ ਉਨ੍ਹਾਂ ਹਾਲਾਤ ਵਿੱਚ ਜਿੱਥੇ ਕੈਦੀ ਜੇਲ੍ਹ ਦੇ ਅੰਦਰੋਂ ਹੀ ਅਪਰਾਧਿਕ ਗਤੀਵਿਧੀਆਂ ਚਲਾਉਣ ਦੇ ਯੋਗ ਹੋ ਜਾਂਦੇ ਹਨ। ਅਦਾਲਤ ਅਨੁਸਾਰ ਅਜਿਹੀ ਸਥਿਤੀ ਬਿਲਕੁਲ ਵੀ ਸਵੀਕਾਰ ਕਰਨ ਯੋਗ ਨਹੀਂ ਹੈ ਅਤੇ ਨਿਆਂਪਾਲਿਕਾ ਵੱਲੋਂ ਅਜਿਹੀ ਉਮੀਦ ਨਹੀਂ ਕੀਤੀ ਜਾਂਦੀ। ਇਹ ਟਿੱਪਣੀਆਂ ਇਸ ਲਈ ਅਹਿਮ ਹਨ ਕਿਉਂਕਿ ਇਹ ਸਿੱਧੇ ਤੌਰ 'ਤੇ ਰਾਜ ਸਰਕਾਰ ਦੀ ਜ਼ਿੰਮੇਵਾਰੀ ਤੈਅ ਕਰਦੀਆਂ ਹਨ ਕਿ ਉਹ ਇਸ ਲਾਪ੍ਰਵਾਹੀ ਦੇ ਅਸਲ ਕਾਰਨਾਂ ਦੀ ਜਾਂਚ ਕਰੇ। ਇਹ ਮਾਮਲਾ ਮਈ 2022 ਵਿੱਚ ਫਤਿਹਾਬਾਦ ਜ਼ਿਲ੍ਹੇ ਦੇ ਭੂਨਾ ਥਾਣੇ ਵਿੱਚ ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਹੋਈ ਇੱਕ ਐਫ.ਆਈ.ਆਰ ਨਾਲ ਸਬੰਧਤ ਸੀ। ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ ਪਟੀਸ਼ਨਰ 'ਤੇ ਲਗਭਗ 54 ਅਪਰਾਧਿਕ ਮਾਮਲੇ ਦਰਜ ਹਨ। ਅਦਾਲਤ ਨੇ ਕਿਹਾ ਕਿ ਹਾਲਾਂਕਿ ਉਹ 13 ਮਾਮਲਿਆਂ ਵਿੱਚ ਦੋਸ਼ੀ ਪਾਇਆ ਗਿਆ ਸੀ ਪਰ ਨਸ਼ਾ ਤਸਕਰੀ ਨਾਲ ਸਬੰਧਤ ਸਿਰਫ਼ ਇੱਕ ਹੀ ਮਾਮਲਾ ਸੀ ਅਤੇ ਬਾਕੀ ਕੇਸਾਂ ਵਿੱਚ ਜਾਂ ਤਾਂ ਉਹ ਬਰੀ ਹੋ ਚੁੱਕਾ ਸੀ ਜਾਂ ਆਪਣੀ ਸਜ਼ਾ ਪੂਰੀ ਕਰ ਚੁੱਕਾ ਸੀ। ਅਦਾਲਤ ਨੇ ਮੁਲਜ਼ਮ ਨੂੰ ਇਸ ਸ਼ਰਤ 'ਤੇ ਜ਼ਮਾਨਤ ਦੇ ਦਿੱਤੀ ਕਿ ਉਹ ਲੋੜੀਂਦੇ ਬਾਂਡ ਭਰੇ ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਉਸ ਵੱਲੋਂ ਜੇਲ੍ਹ ਪ੍ਰਬੰਧਾਂ 'ਤੇ ਕੀਤੀਆਂ ਗਈਆਂ ਟਿੱਪਣੀਆਂ ਦਾ ਕੇਸ ਦੇ ਅਸਲ ਗੁਣ-ਦੋਸ਼ਾਂ ਨਾਲ ਕੋਈ ਸਬੰਧ ਨਹੀਂ ਹੈ। ਅਦਾਲਤ ਇਸ ਗੱਲ 'ਤੇ ਹੈਰਾਨ ਸੀ ਕਿ ਜੇਲ੍ਹ ਸੁਪਰਡੈਂਟ ਜਾਂ ਹੋਰ ਅਧਿਕਾਰੀਆਂ ਦੀ ਜਾਣਕਾਰੀ ਤੋਂ ਬਿਨਾਂ ਮੋਬਾਈਲ ਫੋਨ ਦੀ ਵਰਤੋਂ ਕਿਵੇਂ ਹੋ ਰਹੀ ਸੀ।

# ਪੰਜਾਬ ਬਣੇਗਾ ਹਾਕੀ ਦਾ 'ਗਲੋਬਲ ਹੱਬ'

## ਭਗਵੰਤ ਸਿੰਘ ਮਾਨ ਨੇ ਹਾਲੈਂਡ ਦੇ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਾਲੈਂਡ ਦੇ ਮਸ਼ਹੂਰ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਨੂੰ ਹੋਰ ਮਜ਼ਬੂਤ ਕਰਨ, ਖ਼ਾਸ ਕਰ ਕੇ ਵੱਕਾਰੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਤਿਆਰੀ ਲਈ ਉਨ੍ਹਾਂ ਦੀ ਮੁਹਾਰਤ ਦਾ ਲਾਹਾ ਲੈਣ ਦੀ ਪੇਸ਼ਕਸ਼ ਕੀਤੀ।

ਵਿਸਥਾਰ ਨਾਲ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਹਾਕੀ ਅਤੇ ਖੇਡਾਂ ਦੇ ਵਿਆਪਕ ਵਾਤਾਵਰਨ ਬਾਰੇ ਚਰਚਾ ਕੀਤੀ, ਕੌਮੀ ਖੇਡ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਫਲੋਰਿਸ ਜਾਨ ਬੋਵਲੈਂਡਰ ਦੇ ਅਸਾਧਾਰਨ ਹੁਨਰ ਅਤੇ ਹਾਕੀ ਵਿੱਚ ਅਥਾਹ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਫਲੋਰਿਸ ਦਾ ਸ਼ਾਨਦਾਰ ਕਰੀਅਰ ਦੁਨੀਆ ਭਰ ਦੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕਰਦਾ ਹੈ। ਉਲੰਪੀਅਨ ਬੋਵਲੈਂਡਰ ਨੂੰ ਪੰਜਾਬ ਆਉਣ ਦਾ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਦੇ ਹੁਨਰ ਨੂੰ ਹੋਰ ਤਰਾਸ਼ਣ ਲਈ ਪੰਜਾਬ ਇਸ ਗੱਲ ਦਾ ਇੱਛੁਕ ਹੈ ਕਿ ਫਲੋਰਿਸ ਪੰਜਾਬ ਦੇ ਅਥਲੀਟਾਂ ਨੂੰ ਸਿਖਲਾਈ ਦੇਣ। ਉਨ੍ਹਾਂ ਕਿਹਾ, ਪੰਜਾਬ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਹਾਕੀ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਲਈ ਵਚਨਬੱਧ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ, ਜੋ ਸੂਬੇ ਦੇ ਖੇਡ ਵਾਤਾਵਰਨ ਲਈ ਵੱਡਾ ਮੀਲ ਪੱਥਰ ਹੈ।ਆਉਣ ਵਾਲੇ ਕੌਮਾਂਤਰੀ ਮੁਕਾਬਲਿਆਂ ਦੀ ਮਹੱਤਤਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਏਸ਼ਿਆਈ ਖੇਡਾਂ ਅਕਤੂਬਰ ਦੇ ਸ਼ੁਰੂ ਵਿੱਚ ਸਮਾਪਤ ਹੋਣਗੀਆਂ, ਜਿਸ ਤੋਂ ਬਾਅਦ ਚੋਟੀ ਦੀਆਂ ਛੇ ਟੀਮਾਂ ਚੈਂਪੀਅਨਜ਼ ਟਰਾਫ਼ੀ ਵਿੱਚ ਹਿੱਸਾ ਲੈਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਚਾਰ ਦੇਸ਼ਾਂ ਦੇ ਇਸ ਟੂਰਨਾਮੈਂਟ ਦੀ ਪ੍ਰਵਾਨਗੀ ਨਾਲ ਪੰਜਾਬ ਦੀ ਸਥਿਤੀ ਵਿਸ਼ਵ ਪੱਧਰ ਉੱਤੇ ਹਾਕੀ ਹੱਬ ਵਜੋਂ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ, ਦਹਾਕਿਆਂ ਤੋਂ ਭਾਰਤੀ ਹਾਕੀ ਵਿੱਚ ਪੰਜਾਬੀਆਂ ਦੀ ਮਜ਼ਬੂਤ ਮੌਜੂਦਗੀ ਦੇ ਬਾਵਜੂਦ ਪੰਜਾਬ ਨੇ ਹੁਣ ਤੱਕ



ਕਦੇ ਵੀ ਕਿਸੇ ਵੱਡੇ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕੀਤੀ। ਹੁਣ ਇਹ ਇਕ ਇਤਿਹਾਸਕ ਤਬਦੀਲੀ ਹੈ। ਪੰਜਾਬ ਅਤੇ ਹਾਕੀ ਵਿਚਾਲੇ ਡੂੰਘਾ ਸਬੰਧ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਅਟੁੱਟ ਰਿਸ਼ਤਾ ਹੈ। ਉਨ੍ਹਾਂ ਕਿਹਾ, ਪੰਜਾਬੀ ਖਿਡਾਰੀਆਂ ਤੋਂ ਬਿਨਾਂ ਭਾਰਤੀ ਹਾਕੀ ਦੀ ਕਲਪਨਾ ਕਰਨੀ ਅਸੰਭਵ ਹੈ। ਪੰਜਾਬ ਦੇ 50 ਤੋਂ ਵੱਧ ਖਿਡਾਰੀਆਂ ਨੇ ਉਲੰਪਿਕ ਤਗਮੇ ਜਿੱਤੇ ਹਨ ਅਤੇ 10 ਪੰਜਾਬੀ ਖਿਡਾਰੀਆਂ ਨੇ ਉਲੰਪਿਕ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ। ਪੰਜਾਬ ਦੀ ਅਮੀਰ ਵਿਰਾਸਤ 'ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੰਸਾਰਪੁਰ, ਖੁਸਰੋਪੁਰ ਅਤੇ ਮਿੱਠਾਪੁਰ ਵਰਗੇ ਪਿੰਡਾਂ ਨੇ ਮਿਲ ਕੇ 20 ਤੋਂ ਵੱਧ ਉਲੰਪੀਅਨ ਪੈਦਾ ਕੀਤੇ ਹਨ। ਉਨ੍ਹਾਂ ਨੇ ਹਾਲੀਆ ਪ੍ਰਾਪਤੀਆਂ 'ਤੇ ਹੋਰ ਚਾਨਣਾ ਪਾਇਆ ਅਤੇ ਕਿਹਾ ਕਿ ਟੋਕੀਓ 2020 ਉਲੰਪਿਕ ਵਿੱਚ ਭਾਰਤ ਦਾ ਕਾਂਸੀ ਦਾ ਤਗਮਾ 41 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਇਆ, ਜਿਸ ਵਿੱਚ ਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਟੀਮ ਵਿੱਚ ਨੌਂ ਪੰਜਾਬੀ ਖਿਡਾਰੀ ਸ਼ਾਮਲ ਸਨ। ਉਨ੍ਹਾਂ ਅੱਗੇ ਕਿਹਾ, ਪੈਰਿਸ 2024 ਉਲੰਪਿਕ ਵਿੱਚ ਵੀ ਭਾਰਤ ਨੇ ਇਕ ਹੋਰ ਕਾਂਸੀ ਦਾ ਤਮਗਾ ਹਾਸਲ ਕੀਤਾ, ਜਿਸ ਵਿੱਚ 10 ਪੰਜਾਬੀ ਖਿਡਾਰੀ ਸ਼ਾਮਲ ਸਨ, ਜਿੱਥੇ ਹਰਮਨਪ੍ਰੀਤ ਸਿੰਘ ਨੇ ਕਪਤਾਨ ਵਜੋਂ ਟੀਮ ਦੀ ਅਗਵਾਈ ਕੀਤੀ ਅਤੇ ਸਭ ਤੋਂ ਵੱਧ ਸਕੋਰ ਕਰਨ ਵਾਲੇ ਖਿਡਾਰੀ ਵਜੋਂ ਉੱਭਰਿਆ। ਆਪਣੇ ਐਕਸ ਪਲੇਟਫਾਰਮ ਉੱਤੇ ਮੀਟਿੰਗ ਦੇ ਕੁਝ ਅੰਸ਼ ਸਾਂਝੇ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਨੀਦਰਲੈਂਡ ਵਿੱਚ ਉਲੰਪੀਅਨ ਫਲੋਰਿਸ ਜਾਨ ਬੋਵਲੈਂਡਰ ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ, ਜੋ ਆਪਣੇ ਅਸਾਧਾਰਨ ਹੁਨਰ ਅਤੇ ਖੇਡ ਵਿੱਚ ਆਪਣੇ ਯੋਗਦਾਨ ਲਈ ਜਾਣਿਆ ਜਾਂਦਾ ਹੈ। ਉਸ ਦਾ ਸ਼ਾਨਦਾਰ ਕਰੀਅਰ ਅਤੇ ਤਜਰਬਾ ਸਾਡੇ ਨੌਜਵਾਨ ਖਿਡਾਰੀਆਂ ਨੂੰ ਬਹੁਤ ਪ੍ਰੇਰਿਤ ਕਰੇਗਾ। ਫਲੋਰਿਸ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਗਿਆ, ਜਿਸ ਨੂੰ ਉਸ ਨੇ ਖਿੜੇ ਮੱਥੇ ਸਵੀਕਾਰ ਕੀਤਾ। ਉਹ ਆਗਾਮੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਤੋਂ ਪਹਿਲਾਂ ਸਾਡੇ ਖਿਡਾਰੀਆਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਵਚਨਬੱਧ ਹੈ। ਪੰਜਾਬ ਖੇਡ ਪ੍ਰਤਿਭਾ ਨੂੰ ਨਿਖਾਰਨ ਅਤੇ ਹਾਕੀ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਲਈ ਦ੍ਰਿੜ੍ਹ ਹੈ।

## ਵੜਿੰਗ ਵੱਲੋਂ ਲਾਰੈਂਸ 'ਤੇ ਆਧਾਰਿਤ ਸੀਰੀਜ਼ 'ਤੇ ਪਾਬੰਦੀ ਦੀ ਮੰਗ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ 'ਤੇ ਆਧਾਰਿਤ ਦੱਸੀ ਜਾ ਰਹੀ ਟੀਵੀ ਸੀਰੀਜ਼ 'ਲਾਰੈਂਸ ਆਫ ਪੰਜਾਬ' 'ਤੇ ਸਖ਼ਤ ਇਤਰਾਜ਼ ਜਤਾਇਆ ਹੈ।

ਵੜਿੰਗ ਦੀਆਂ ਮੁੱਖ ਚਿੰਤਾਵਾਂ ਇਸ ਗੱਲ ਦੁਆਲੇ ਹਨ ਕਿ ਅਜਿਹਾ ਸ਼ੋਅ ਜਨਤਕ ਧਾਰਨਾ, ਖਾਸ ਕਰਕੇ ਨੌਜਵਾਨਾਂ ਦੀ ਸੋਚ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ। ਉਨ੍ਹਾਂ ਦਾ ਤਰਕ ਹੈ ਕਿ ਬਿਸ਼ਨੋਈ ਵਰਗੇ ਵਿਅਕਤੀ ਨੂੰ ਦਿਖਾਉਣਾ ਅਪਰਾਧਿਕ ਸੱਭਿਆਚਾਰ ਦੀ ਨਿੰਦਾ ਕਰਨ ਦੀ ਬਜਾਏ ਉਸ ਦੀ ਵਡਿਆਈ (ਗਲੋਰੀਫਿਕੇਸ਼ਨ) ਕਰਨ ਦਾ ਜੋਖਮ ਪੈਦਾ ਕਰਦਾ ਹੈ। ਉਨ੍ਹਾਂ ਨੇ ਇਸ ਦੇ ਟਾਈਟਲ (ਸਿਰਲੇਖ) ਨੂੰ ਵੀ ਇਤਰਾਜ਼ਯੋਗ ਦੱਸਿਆ। ਰਾਜਾ ਵੜਿੰਗ ਨੇ ਬਿਸ਼ਨੋਈ ਦੀ ਗੰਭੀਰ ਅਪਰਾਧਾਂ ਵਿੱਚ ਕਥਿਤ ਸ਼ਮੂਲੀਅਤ ਦਾ ਹਵਾਲਾ ਦਿੱਤਾ, ਜਿਸ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਵੀ ਸ਼ਾਮਲ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਮਨੋਰੰਜਨ ਦਾ ਵਿਸ਼ਾ ਨਹੀਂ ਬਣਾਇਆ ਜਾਣਾ ਚਾਹੀਦਾ।

## ਰੋਪੜ 'ਚ ਖ਼ੈਰ ਦੇ ਹਜ਼ਾਰਾਂ ਰੁੱਖਾਂ ਦੀ ਕਟਾਈ ਮਾਮਲੇ 'ਚ ਐਨ.ਜੀ.ਟੀ. ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.) : ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਰੋਪੜ ਜ਼ਿਲ੍ਹੇ ਦੇ ਸੁਰੱਖਿਅਤ ਜੰਗਲਾਂ ਵਿੱਚ ਕੀਮਤੀ ਖ਼ੈਰ ਦੇ ਰੁੱਖਾਂ ਦੀ ਵੱਡੇ ਪੱਧਰ 'ਤੇ ਹੋਈ ਗੈਰ-ਕਾਨੂੰਨੀ ਕਟਾਈ ਦਾ ਗੰਭੀਰ ਨੋਟਿਸ ਲਿਆ ਹੈ। ਦੋਸ਼ ਹਨ ਕਿ ਜੰਗਲਾਤ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ 'ਟਿੰਬਰ ਮਾਫੀਆ' ਨੇ ਹਜ਼ਾਰਾਂ ਦੀ ਗਿਣਤੀ ਵਿੱਚ ਰੁੱਖਾਂ 'ਤੇ ਕੁਹਾੜਾ ਚਲਾਇਆ ਹੈ।

ਟ੍ਰਿਬਿਊਨਲ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਅਗਲੀ ਸੁਣਵਾਈ 5 ਅਗਸਤ, 2026 ਲਈ ਤੈਅ ਕੀਤੀ ਹੈ। ਸਮਾਜਿਕ ਕਾਰਕੁਨ ਅਤੇ ਵਿਸਲਬਲੋਅਰ ਪ੍ਰਦੀਪ ਸ਼ਰਮਾ ਵੱਲੋਂ ਦਾਇਰ ਪਟੀਸ਼ਨ ਵਿੱਚ ਦੱਸਿਆ ਗਿਆ ਹੈ ਕਿ ਜ਼ਿਲ੍ਹੇ ਦੇ ਪਿੰਡ ਫਤਿਹਪੁਰ, ਭਗਵਾਲੀ ਅਤੇ ਭੰਗਾਲਾ ਦੇ ਜੰਗਲ ਖੇਤਰਾਂ ਵਿੱਚ ਇਹ ਗੈਰ-ਕਾਨੂੰਨੀ ਖੇਡ ਖੇਡੀ ਗਈ। ਹਾਲਾਂਕਿ ਸ਼ੁਰੂਆਤੀ ਜਾਂਚ ਵਿੱਚ ਵਿਭਾਗ ਨੇ ਸਿਰਫ਼ 150 ਰੁੱਖਾਂ ਦੀ ਕਟਾਈ ਦੀ ਗੱਲ ਕਹੀ ਸੀ, ਪਰ ਸਥਾਨਕ ਸੂਤਰਾਂ ਅਨੁਸਾਰ ਇਹ ਗਿਣਤੀ 2,000 ਤੋਂ 5,000 ਦੇ ਵਿਚਕਾਰ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 24 ਦਸੰਬਰ 2025 ਨੂੰ ਸੂਬੇ ਵਿੱਚ ਰੁੱਖਾਂ ਦੀ ਕਟਾਈ 'ਤੇ ਮੁਕੰਮਲ ਪਾਬੰਦੀ ਲਗਾਈ ਸੀ, ਜਿਸ ਦੀ ਇਸ ਮਾਮਲੇ ਵਿੱਚ ਸ਼ਰੇਆਮ ਉਲੰਘਣਾ ਹੋਈ ਹੈ।

ਪਟੀਸ਼ਨਰ ਨੇ ਦੋਸ਼ ਲਾਇਆ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਹੋਈ ਇਸ ਕਟਾਈ ਨਾਲ ਵਾਤਾਵਰਣ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ ਹੈ। ਰੁੱਖਾਂ ਦੇ ਖ਼ਤਮ ਹੋਣ ਨਾਲ ਜੰਗਲੀ ਜੀਵਾਂ ਦੇ ਰੈਣ-ਬਸੇਰੇ ਉੱਜੜ ਗਏ ਹਨ ਅਤੇ ਜ਼ਮੀਨ ਖੁਰਨ ਦਾ ਖ਼ਤਰਾ ਵਧ ਗਿਆ ਹੈ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਕੇਂਦਰੀ ਜੰਗਲਾਤ ਮੰਤਰਾਲੇ ਦੇ ਅਧਿਕਾਰੀਆਂ ਦੀ ਇੱਕ ਸੁਤੰਤਰ ਕਮੇਟੀ ਬਣਾ ਕੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਵਿਜੀਲੈਂਸ ਦੀ ਜਾਂਚ 'ਤੇ ਉੱਠੇ ਸਵਾਲ ਤਿੰਨ ਮਹੀਨੇ ਪਹਿਲਾਂ ਵੱਲੋਂ ਇਸ ਘੁਟਾਲੇ ਦਾ ਪਰਦਾਫਾਸ਼ ਕੀਤੇ ਜਾਣ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਨੇ ਖ਼ੁਦ ਨੋਟਿਸ ਲੈਂਦਿਆਂ ਜਾਂਚ ਸ਼ੁਰੂ ਕੀਤੀ ਸੀ। ਪਰ ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਸਿਆਸੀ ਦਬਾਅ ਕਾਰਨ ਇਹ ਜਾਂਚ ਹੁਣ ਤੱਕ ਕਿਸੇ ਤਰਕਸੰਗਤ ਨਤੀਜੇ 'ਤੇ ਨਹੀਂ ਪਹੁੰਚ ਸਕੀ। ਵਾਤਾਵਰਣ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸ਼ਿਵਾਲਿਕ ਖੇਤਰ ਵਿੱਚ ਰੁੱਖਾਂ ਦੀ ਕਟਾਈ ਨਾ ਰੁਕੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਨੂੰ ਗੰਭੀਰ ਜਲ-ਸੰਕਟ ਅਤੇ ਵਾਤਾਵਰਣ ਤਬਦੀਲੀ ਦੇ ਮਾਰੂ ਪ੍ਰਭਾਵਾਂ ਦਾ ਸਾਹਮਣਾ ਕਰਨਾ ਪਵੇਗਾ।

## ਜਰਮਨੀ 'ਚ ਗੁਰਦੁਆਰਾ ਕਮੇਟੀ 'ਤੇ ਕਬਜ਼ੇ ਨੂੰ ਲੈ ਕੇ ਖੂਨੀ ਝੜਪ, ਕਿਰਪਾਨਾਂ ਤੇ ਗੋਲੀਆਂ ਚੱਲੀਆਂ, 11 ਜ਼ਖ਼ਮੀ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਜਰਮਨੀ ਦੇ ਉੱਤਰੀ ਰਾਈਨ-ਵੈਸਟਫਾਲੀਆ ਦੇ ਮੋਰਸ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਵਿੱਚ 40 ਤੋਂ ਵੱਧ ਲੋਕਾਂ ਦਰਮਿਆਨ ਹੋਈ ਹਿੰਸਕ ਝੜਪ ਵਿੱਚ ਪੇਪਰ ਸਪਰੇਅ, ਚਾਕੂ, ਕਿਰਪਾਨਾਂ ਚੱਲੀਆਂ ਅਤੇ ਕਥਿਤ ਤੌਰ 'ਤੇ ਹਥਿਆਰਾਂ ਦੀ ਵਰਤੋਂ ਕੀਤੀ ਗਈ। ਜਰਮਨ ਅਖ਼ਬਾਰ 'ਬਿਲਡ' ਦੀ ਰਿਪੋਰਟ ਦੇ ਹਵਾਲੇ ਨਾਲ ਐੱਨ ਡੀ ਟੀ ਵੀ ਅਨੁਸਾਰ ਇਸ ਘਟਨਾ ਵਿੱਚ ਘੱਟੋ-ਘੱਟ 11 ਲੋਕ ਜ਼ਖ਼ਮੀ ਹੋਏ ਹਨ ਅਤੇ ਵਿਸ਼ੇਸ਼ ਰਣਨੀਤਕ ਇਕਾਈਆਂ ਦੀ ਤਾਇਨਾਤੀ ਸਮੇਤ ਵੱਡੀ ਪੁਲਿਸ ਕਾਰਵਾਈ ਸ਼ੁਰੂ ਕੀਤੀ ਗਈ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਇਹ ਝੜਪ ਗੁਰਦੁਆਰਾ ਸਾਹਿਬ ਦੇ ਵਿੱਤ ਅਤੇ ਪ੍ਰਬੰਧਨ ਨੂੰ ਲੈ ਕੇ ਹੋਏ ਵਿਵਾਦ ਕਾਰਨ ਹੋਈ, ਹਾਲਾਂਕਿ ਜਰਮਨ ਪੁਲਿਸ ਨੇ ਅਜੇ ਤੱਕ ਕਿਸੇ ਖਾਸ ਕਾਰਨ ਦੀ ਪੁਸ਼ਟੀ ਨਹੀਂ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਹਿੰਸਾ ਗੁਰਦੁਆਰਾ ਕਮੇਟੀ ਦੇ ਕੰਟਰੋਲ, ਪ੍ਰਭਾਵ ਅਤੇ ਕਥਿਤ ਵਿੱਤੀ ਅਸਹਿਮਤੀ ਨੂੰ ਲੈ ਕੇ ਚੱਲ ਰਹੇ ਲੰਬੇ ਸਮੇਂ ਦੇ ਅੰਦਰੂਨੀ ਕਲੇਸ਼ ਨਾਲ ਜੁੜੀ ਹੋਈ ਹੈ। ਇੱਕ ਗਵਾਹ ਨੇ 'ਬਿਲਡ' ਨੂੰ ਦੱਸਿਆ, 'ਇਸ ਝਗੜੇ ਦਾ ਪਿਛੋਕੜ ਸਾਬਕਾ ਕਮੇਟੀ



ਮੈਂਬਰਾਂ ਅਤੇ ਮੌਜੂਦਾ ਮੈਂਬਰਾਂ ਵਿਚਕਾਰ ਚੱਲ ਰਿਹਾ ਵਿਵਾਦ ਹੈ। ਇਸ ਵਿੱਚ ਭਾਈਚਾਰੇ ਦੇ ਪੈਸੇ ਦਾ ਮਾਮਲਾ ਵੀ ਸ਼ਾਮਲ ਹੈ। ਕਾਫੀ ਸਮੇਂ ਤੋਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਚੱਲ ਰਹੀਆਂ ਸਨ, ਪਰ ਮੁੱਖ ਤੌਰ 'ਤੇ ਇਹ ਪ੍ਰਭਾਵ ਅਤੇ ਕਬਜ਼ੇ ਬਾਰੇ ਹੈ।' ਹਿੰਸਾ ਦੇ ਪੈਮਾਨੇ ਨੂੰ ਦੇਖਦੇ ਹੋਏ ਵੱਡੇ ਪੱਧਰ 'ਤੇ ਪੁਲਿਸ ਕਾਰਵਾਈ ਕੀਤੀ ਗਈ ਹੈ। ਗੋਲੀਬਾਰੀ ਦੀਆਂ ਰਿਪੋਰਟਾਂ ਤੋਂ ਬਾਅਦ ਡਸੇਲਡੋਰਫ ਤੋਂ ਵਿਸ਼ੇਸ਼ ਟਾਸਕ ਫੋਰਸ ਸਮੇਤ ਲਗਭਗ 100 ਅਧਿਕਾਰੀਆਂ ਨੇ ਇਮਾਰਤ ਨੂੰ ਘੇਰ ਲਿਆ। ਭਾਰੀ ਹਥਿਆਰਬੰਦ ਕਰਮਚਾਰੀਆਂ ਨੇ ਮੋਰਚੇ ਸੰਭਾਲੇ ਜਦਕਿ ਇੱਕ ਹੈਲੀਕਾਪਟਰ ਨੇ ਹਵਾਈ ਸਹਾਇਤਾ ਪ੍ਰਦਾਨ ਕੀਤੀ।

ਅੰਦਰ ਹਥਿਆਰਬੰਦ ਸ਼ੱਕੀ ਹੋਣ ਦੇ ਡਰੋਂ ਅਧਿਕਾਰੀਆਂ ਨੇ ਗੁਰਦੁਆਰਾ ਸਾਹਿਬ ਨੂੰ ਸੀਲ ਕਰ ਦਿੱਤਾ ਅਤੇ ਫਿਰ ਐੱਸ ਈ ਕੇ ਅਧਿਕਾਰੀਆਂ ਨੇ ਅੰਦਰ ਛਾਪਾ ਮਾਰਿਆ। ਕੋਈ ਵੀ ਬੰਦੂਕਧਾਰੀ ਨਹੀਂ ਮਿਲਿਆ, ਹਾਲਾਂਕਿ ਘੱਟੋ-ਘੱਟ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਜਾਂਚਕਰਤਾ ਹੁਣ ਘਟਨਾ ਦੇ ਵੇਰਵੇ ਇਕੱਠੇ ਕਰ ਰਹੇ ਹਨ ਅਤੇ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਲਈ ਕੰਮ ਕਰ ਰਹੇ ਹਨ। 'ਬਿਲਡ' ਅਨੁਸਾਰ, ਹਥਿਆਰ ਬਰਾਮਦ ਨਹੀਂ ਹੋਇਆ ਹੈ; ਹਾਲਾਂਕਿ, ਮੌਕੇ ਤੋਂ ਮਿਲੇ ਕਾਰਤੂਸਾਂ ਦੇ ਖੋਲ ਸਮੇਤ ਸ਼ੁਰੂਆਤੀ ਸਬੂਤ ਸੰਕੇਤ ਦਿੰਦੇ ਹਨ ਕਿ ਇਹ ਇੱਕ 'ਬਲੈਂਕ-ਫਾਇਰਿੰਗ' ਹਥਿਆਰ ਹੋ ਸਕਦਾ ਹੈ।

## ਆਈ.ਜੀ. ਗੌਤਮ ਚੀਮਾ ਕੇਸ 'ਚ ਸੀਬੀਆਈ ਅਦਾਲਤ ਨੇ ਸਾਰੇ ਮੁਲਜ਼ਮ ਬਰੀ ਕੀਤੇ

ਮੋਹਾਲੀ, 21 ਅਪ੍ਰੈਲ (ਚ. ਨ. ਸ.): ਮੋਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਪੰਜਾਬ ਦੇ ਗੌਤਮ ਚੀਮਾ ਮਾਮਲੇ ਵਿੱਚ ਆਪਣਾ ਫੈਸਲਾ ਸੁਣਾਉਂਦੇ ਹੋਏ, ਸਾਰੇ ਛੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਅਦਾਲਤ ਨੇ 20 ਦਸੰਬਰ, 2024 ਨੂੰ ਹੇਠਲੀ ਅਦਾਲਤ ਦੁਆਰਾ ਜਾਰੀ ਕੀਤੇ ਗਏ ਦੋਸ਼ੀ ਠਹਿਰਾਉਣ ਅਤੇ ਸਜ਼ਾ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਇਸਤਗਾਸਾ ਪੱਖ ਵਾਜਬ ਸ਼ੱਕ ਤੋਂ ਪਰੇ ਦੋਸ਼ਾਂ ਨੂੰ ਸਾਬਤ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ। ਜ਼ਿਕਰਯੋਗ ਹੈ ਕਿ 20 ਦਸੰਬਰ, 2024 ਨੂੰ, ਵਿਸ਼ੇਸ਼ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਨੇ ਗੌਤਮ ਚੀਮਾ ਦੇ ਨਾਲ-ਨਾਲ ਹੋਰ ਮੁਲਜ਼ਮਾਂ ਅਜੈ ਚੌਧਰੀ, ਰਸ਼ਮੀ ਨੇਗੀ, ਵਰੁਣ ਉਤਰੇਜਾ, ਵਿੱਕੀ ਵਰਮਾ ਅਤੇ ਆਰੀਅਨ ਸਿੰਘ ਨੂੰ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 120-ਬੀ, 186 ਅਤੇ 225 ਦੇ ਤਹਿਤ ਦੋਸ਼ੀ ਠਹਿਰਾਇਆ ਸੀ। ਹਾਲਾਂਕਿ, ਉਸ ਆਦੇਸ਼ ਵਿੱਚ ਵੱਖ-ਵੱਖ ਧਾਰਾਵਾਂ ਦੇ ਤਹਿਤ ਨਿਰਧਾਰਤ ਸਜ਼ਾ ਦੀ ਮਿਆਦ ਨੂੰ ਹੁਣ ਅਪੀਲੀ ਅਦਾਲਤ ਨੇ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਨੂੰ ਅਯੋਗ ਪਾਇਆ ਗਿਆ ਹੈ। ਇਹ ਮਾਮਲਾ 26 ਅਗਸਤ, 2014 ਦੀ ਰਾਤ ਦਾ ਹੈ। ਇਸਤਗਾਸਾ ਪੱਖ ਦੇ ਅਨੁਸਾਰ, ਉਸ ਰਾਤ ਲਗਭਗ 10:45 ਵਜੇ, ਇੱਕ ਪੀਸੀਆਰ ਟੀਮ ਨੇ ਸੁਮੇਧ ਗੁਲਾਟੀ, ਇੱਕ ਭਗੌੜਾ ਅਪਰਾਧੀ, ਨੂੰ ਮੈਕਸ ਹਸਪਤਾਲ, ਫੇਜ਼ 6 ਤੋਂ ਗ੍ਰਿਫ਼ਤਾਰ ਕੀਤਾ ਅਤੇ ਉਸਨੂੰ ਫੇਜ਼ 1 ਪੁਲਿਸ ਸਟੇਸ਼ਨ, ਮੋਹਾਲੀ ਲੈ ਆਈ। ਇਹ ਦੋਸ਼ ਲਗਾਇਆ ਗਿਆ ਸੀ ਕਿ ਤਤਕਾਲੀ ਇੰਸਪੈਕਟਰ ਜਨਰਲ ਆਫ਼ ਪੁਲਿਸ, ਗੌਤਮ ਚੀਮਾ, ਆਪਣੇ ਸਾਥੀਆਂ ਨਾਲ, ਪੁਲਿਸ ਸਟੇਸ਼ਨ ਪਹੁੰਚੇ ਅਤੇ ਸੁਮੇਧ ਗੁਲਾਟੀ ਨੂੰ ਜ਼ਬਰਦਸਤੀ ਪੁਲਿਸ ਹਿਰਾਸਤ ਤੋਂ ਹਟਾ ਦਿੱਤਾ। ਦੋਸ਼ੀਆਂ 'ਤੇ ਉਸਨੂੰ ਮੈਕਸ ਹਸਪਤਾਲ ਵਾਪਸ ਲਿਜਾਣ ਦਾ ਵੀ ਦੋਸ਼ ਸੀ, ਜਿੱਥੇ ਇੱਕ ਕਮਰੇ ਵਿੱਚ ਉਸ ਨਾਲ ਕੁੱਟਮਾਰ ਕੀਤੀ ਗਈ ਅਤੇ ਉੱਥੇ ਦਾਖਲ ਇੱਕ ਔਰਤ ਨੂੰ ਆਪਣੀ ਸ਼ਿਕਾਇਤ ਵਾਪਸ ਲੈਣ ਦੀ ਧਮਕੀ ਦਿੱਤੀ ਗਈ। ਬਾਅਦ ਵਿੱਚ, ਇੱਕ ਪੁਲਿਸ ਟੀਮ ਹਸਪਤਾਲ ਪਹੁੰਚੀ, ਸੁਮੇਧ ਗੁਲਾਟੀ ਨੂੰ ਦੁਬਾਰਾ ਫੜ ਲਿਆ ਅਤੇ ਉਸਨੂੰ ਵਾਪਸ ਥਾਣੇ ਲੈ ਆਈ। ਇਸ ਘਟਨਾ ਦੇ ਆਧਾਰ 'ਤੇ, 30 ਅਗਸਤ, 2014 ਨੂੰ ਮੋਹਾਲੀ ਦੇ ਫੇਜ਼-1 ਪੁਲਿਸ ਸਟੇਸ਼ਨ ਵਿੱਚ ਇੱਕ ਕੇਸ ਦਰਜ ਕੀਤਾ ਗਿਆ। ਬਾਅਦ ਵਿੱਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ 'ਤੇ, ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ, ਜਿਸਨੇ ਕੇਸ ਦੁਬਾਰਾ ਦਰਜ ਕੀਤਾ ਅਤੇ ਜਾਂਚ ਕੀਤੀ। ਮੁਕੱਦਮੇ ਦੌਰਾਨ 40 ਤੋਂ ਵੱਧ ਗਵਾਹਾਂ ਨੇ ਆਪਣੀ ਗਵਾਹੀ ਦਿੱਤੀ, ਪਰ ਜ਼ਿਆਦਾਤਰ ਮੁੱਖ ਗਵਾਹਾਂ ਨੇ ਆਪਣੇ ਬਿਆਨ ਵਾਪਸ ਲੈ ਲਏ। ਬਹੁਤ ਸਾਰੇ ਗਵਾਹਾਂ ਨੇ ਨਾ ਤਾਂ ਘਟਨਾ ਦਾ ਸਮਰਥਨ ਕੀਤਾ ਅਤੇ ਨਾ ਹੀ ਕਿਸੇ ਦੋਸ਼ੀ ਦੀ ਪਛਾਣ ਕੀਤੀ। ਅਦਾਲਤ ਨੇ ਪਾਇਆ ਕਿ ਇਹ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਸੁਮੇਧ ਗੁਲਾਟੀ ਨੂੰ ਪਹਿਲਾਂ ਪੀਸੀਆਰ ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਨਾ ਹੀ ਉਸਨੂੰ ਦੋਸ਼ੀ ਦੁਆਰਾ ਫੇਜ਼ 1 ਪੁਲਿਸ ਸਟੇਸ਼ਨ ਤੋਂ ਛੁਡਾਇਆ ਗਿਆ ਸੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਪੁਲਿਸ ਰਿਕਾਰਡਾਂ ਵਿੱਚੋਂ ਮਹੱਤਵਪੂਰਨ ਵੇਰਵੇ ਗਾਇਬ ਸਨ, ਜਿਵੇਂ ਕਿ ਗ੍ਰਿਫਤਾਰੀ ਅਤੇ ਨਜ਼ਰਬੰਦੀ ਦੀਆਂ ਸਪੱਸ਼ਟ ਐਂਟਰੀਆਂ, ਪਛਾਣ ਪਰੇਡ ਦੀ ਘਾਟ, ਅਤੇ ਗਵਾਹਾਂ ਦੁਆਰਾ ਵਿਰੋਧੀ ਬਿਆਨ। ਮੁੱਖ ਗਵਾਹ ਵੀ ਅਦਾਲਤ ਵਿੱਚ ਦੋਸ਼ੀ ਦੀ ਪਛਾਣ ਕਰਨ ਵਿੱਚ ਅਸਮਰੱਥ ਸਨ। ਵਿਸ਼ੇਸ਼ ਜੱਜ ਨੇ ਇਹ ਵੀ ਟਿੱਪਣੀ ਕੀਤੀ ਕਿ ਹੇਠਲੀ ਅਦਾਲਤ ਦਾ ਫੈਸਲਾ ਤਰਕਪੂਰਨ ਤੌਰ 'ਤੇ ਅਸਥਿਰ ਸੀ, ਕਿਉਂਕਿ ਜਿਨ੍ਹਾਂ ਤੱਥਾਂ ਦੇ ਆਧਾਰ 'ਤੇ ਵਧੇਰੇ ਗੰਭੀਰ ਦੋਸ਼ਾਂ ਨੂੰ ਖਾਰਜ ਕੀਤਾ ਗਿਆ ਸੀ, ਉਹੀ ਆਧਾਰ ਸਨ ਜੋ ਹੋਰ ਧਾਰਾਵਾਂ ਅਧੀਨ ਸਜ਼ਾਵਾਂ ਪ੍ਰਾਪਤ ਕਰਨ ਲਈ ਵਰਤੇ ਜਾਂਦੇ ਸਨ।

## ਸਨੀ ਇਨਕਲੇਵ ਦੇ ਫਲੈਟ 'ਚ ਲੱਗੀ ਅੱਗ, ਪਾਲਤੂ ਕੁੱਤੇ ਸਮੇਤ ਸਮਾਨ ਸੜਿਆ

ਖਰੜ 21 ਅਪ੍ਰੈਲ (ਚ. ਨ. ਸ.): ਸੰਨੀ ਇਨਕਲੇਵ ਸੈਕਟਰ 125 ਵਿਚ ਰੀਗਲ ਹੋਮਸ ਦੇ ਸੈਕੰਡ ਫਲੋਰ ਦੇ ਫਲੈਟ ਵਿਚ ਅੱਗ ਲੱਗਣ ਨਾਲ ਘਰ ਦਾ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਫਲੈਟ ਨੰਬਰ 2579-ਸੀ ਦੇ ਮਾਲਕ ਬੰਤ ਰਾਜ ਸ਼ਰਮਾ ਨੇ ਦੱਸਿਆ ਕਿ ਉਹ ਦੁਪਹਿਰ ਵੇਲੇ ਆਪਣੀ ਘਰਵਾਲੀ ਨਾਲ ਘਰ ਵਿਚ ਮੌਜੂਦ ਸਨ ਜਦੋਂ ਅਚਾਨਕ ਏ. ਸੀ. ਵਿਚੋਂ ਚੰਗਿਆੜੀ ਨਿਕਲੀ ਕੁਝ ਹੀ ਪਲਾਂ ਵਿਚ ਅੱਗ ਨੇ ਭਿਆਨਕ ਰੂਪ ਧਾਰ ਲਿਆ ਅਤੇ ਸਾਰੇ ਫਲੈਟ ਨੂੰ ਆਪਣੀ ਲਪੇਟ ਵਿਚ ਲੈ ਲਿਆ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਤੋਂ ਬਾਅਦ ਉਹ ਤੁਰੰਤ ਘਰ ਤੋਂ ਬਾਹਰ ਨਿਕਲੇ ਅਤੇ ਆਪਣੀ ਜਾਨ ਬਚਾਈ। ਇਸ ਹਾਦਸੇ ਵਿਚ ਘਰ ਵਿਚ ਬੈਠਾ ਉਨ੍ਹਾਂ ਦਾ ਪਾਲਤੂ ਕੁੱਤਾ ਜਿਸ ਦੀ ਉਮਰ ਢਾਈ ਸਾਲ ਸੀ, ਐੱਲਸੀਡੀ, ਫ੍ਰਿਜ, ਕਰੀਬ ਢਾਈ ਲੱਖ ਰੁਪਏ ਨਗਦ ਅਤੇ ਲਗਭਗ 15 ਤੋਲੇ ਸੋਨਾ ਸੜ ਕੇ ਸੁਆਹ ਹੋ ਗਿਆ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਸਰਬਜੀਤ ਸਿੰਘ ਡਰਾਈਵਰ, ਜਗਦੀਪ ਸਿੰਘ ਫਾਇਰਮੈਨ, ਨਵਤੇਜ ਸਿੰਘ ਫਾਇਰਮੈਨ ਮੌਕੇ 'ਤੇ ਪਹੁੰਚੀ ਅਤੇ ਅੱਗ 'ਤੇ ਕਾਬੂ ਪਾਇਆ। ਫਾਇਰ ਕਰਮਚਾਰੀਆਂ ਦੀ ਤੁਰੰਤ ਕਾਰਵਾਈ ਨਾਲ ਵੱਡਾ ਹਾਦਸਾ ਹੋਣ ਤੋਂ ਬਚ ਗਿਆ। ਪੁਲਿਸ ਅਤੇ ਅੱਗ ਬੁਝਾਊ ਵਿਭਾਗ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸਮਾਜ ਸੇਵੀ ਆਗੂ ਗੁਰਬਿੰਦਰ ਸਿੰਘ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਰਿਵਾਰ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

## 30,000 ਰੁਪਏ ਰਿਸ਼ਵਤ ਲੈਂਦਾ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਥਾਣਾ ਡਿਵੀਜ਼ਨ ਨੰਬਰ 4 ਲੁਧਿਆਣਾ ਵਿਖੇ ਐਸ.ਐਚ.ਓ. ਵਜੋਂ ਤਾਇਨਾਤ ਇੰਸਪੈਕਟਰ ਗੁਰਜੀਤ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਕਤ ਮੁਲਜ਼ਮ ਨੂੰ ਨੂਰਵਾਲਾ ਰੋਡ ਲੁਧਿਆਣਾ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਪੁੱਤਰ ਨੂੰ ਡਿਵੀਜ਼ਨ ਨੰਬਰ 4 ਲੁਧਿਆਣਾ ਵਿਖੇ ਦਰਜ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਜਦੋਂ ਉਹ ਆਪਣੇ ਪੁੱਤਰ ਨੂੰ ਥਾਣਾ ਡਿਵੀਜ਼ਨ ਨੰਬਰ 4 ਲੁਧਿਆਣਾ ਮਿਲਣ ਗਈ ਤਾਂ ਉਸਦੇ ਪੁੱਤਰ ਨੇ ਦੱਸਿਆ ਕਿ ਪੁਲਿਸ ਨੇ ਉਸਨੂੰ ਬੇਰਹਿਮੀ ਨਾਲ ਕੁੱਟਿਆ ਹੈ ਅਤੇ ਉਸਦੀ ਸੋਨੇ ਦੀ ਅੰਗੂਠੀ ਅਤੇ ਚਾਂਦੀ ਦਾ ਬਰੇਸਲੇਟ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਸ ਸਬੰਧੀ ਮੁਲਜ਼ਮ ਇੰਸਪੈਕਟਰ ਨੇ ਸੋਨੇ ਦੀ ਅੰਗੂਠੀ ਅਤੇ ਚਾਂਦੀ ਦਾ ਬਰੇਸਲੇਟ ਵਾਪਸ ਕਰਨ ਲਈ 35,000 ਰੁਪਏ ਦੀ ਰਿਸ਼ਵਤ ਮੰਗੀ, ਪਰ ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਵਿਜੀਲੈਂਸ ਬਿਊਰੋ, ਲੁਧਿਆਣਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਬੰਧੀ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

## ਮੁੱਖ ਮੰਤਰੀ ਵੱਲੋਂ ਨਿਵੇਸ਼ ਨੂੰ ਉਤਸ਼ਾਹਤ ਕਰਨ ਤੇ ਕੌਮਾਂਤਰੀ ਸਹਿਯੋਗ ਲਈ ਆਲਮੀ ਪੱਧਰ 'ਤੇ ਹੰਭਲੇ

### ਮਾਨ ਨੇ ਪ੍ਰਵਾਸੀ ਪੰਜਾਬੀਆਂ ਤੇ ਮੋਹਰੀ ਕਾਰੋਬਾਰੀਆਂ ਨਾਲ ਕੀਤਾ ਵਿਚਾਰ-ਵਟਾਂਦਰਾ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਭਾਈਵਾਲੀ ਨੂੰ ਹੋਰ ਹੁਲਾਰਾ ਦੇਣ ਲਈ ਵਿਸ਼ਵ-ਵਿਆਪੀ ਪਹੁੰਚ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਉਤਸ਼ਾਹਿਤ ਕਰਨ ਲਈ ਹੰਭਲਾ ਜਾਰੀ ਹੈ। ਚੇਅਰਪਰਸਨ ਮਿਸ ਐਡਿਥ ਨੋਰਡਮੈਨ ਦੀ ਅਗਵਾਈ ਵਾਲੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਨਾਲ ਰਣਨੀਤਿਕ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡਜ਼ ਵਿਚਕਾਰ ਦੁਵੱਲੇ ਵਪਾਰਕ ਸਬੰਧਾਂ ਨੂੰ ਵਧਾਉਣ ਅਤੇ ਨਿਵੇਸ਼ ਪ੍ਰਵਾਹ ਨੂੰ ਉਤਸ਼ਾਹਿਤ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਨੇ ਵੈਲਯੂ ਐਡੀਸ਼ਨ, ਬਰਾਮਦ ਆਧਾਰਤ ਵਿਕਾਸ ਅਤੇ ਵਿਸ਼ਵ ਸਪਲਾਈ ਚੇਨਾਂ ਨਾਲ ਤਾਲਮੇਲ, ਖ਼ਾਸ ਕਰ ਕੇ ਫੂਡ ਪ੍ਰੋਸੈਸਿੰਗ ਅਤੇ ਨਿਰਮਾਣ ਵਰਗੇ ਖੇਤਰਾਂ ਵਿੱਚ ਪੰਜਾਬ ਦੇ ਰਣਨੀਤਕ ਫੋਕਸ ਨੂੰ ਵੀ ਉਜਾਗਰ ਕੀਤਾ। ਭਗਵੰਤ ਸਿੰਘ ਮਾਨ ਨੇ ਐਨ.ਆਈ.ਸੀ.ਸੀ.ਟੀ. ਨੂੰ ਪੰਜਾਬ ਨੂੰ ਹਾਲੈਂਡ ਦੇ ਉੱਦਮਾਂ ਨਾਲ ਜੋੜਨ ਅਤੇ ਸੈਕਟਰ-ਵਿਸ਼ੇਸ਼ ਰੁਝੇਵਿਆਂ ਅਤੇ ਵਪਾਰਕ ਵਫ਼ਦਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਇਸ ਦੌਰਾਨ ਹੇਗ ਵਿੱਚ ਨਿਵੇਸ਼ ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਨੇ ਇਸ ਪ੍ਰੋਗਰਾਮ ਵਿੱਚ ਸੂਬੇ ਦੀਆਂ ਉਦਯੋਗਿਕ ਸ਼ਕਤੀਆਂ ਅਤੇ ਉੱਭਰ ਰਹੇ ਮੌਕਿਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨੀਦਰਲੈਂਡ ਦੇ ਉਦਯੋਗਪਤੀਆਂ, ਵਪਾਰਕ ਪ੍ਰਤੀਨਿਧੀਆਂ ਅਤੇ ਭਾਈਵਾਲਾਂ ਨੇ ਭਾਗ ਲਿਆ। ਭਗਵੰਤ ਸਿੰਘ ਮਾਨ ਨੇ ਵੈਲਯੂ ਐਡਿਡ ਨਿਰਮਾਣ, ਉਦਯੋਗਿਕ ਵਿਕਾਸ ਅਤੇ ਬਰਾਮਦ ਆਧਾਰਤ ਵਿਕਾਸ ਵੱਲ ਪੰਜਾਬ ਦੀ ਤਬਦੀਲੀ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸੂਬੇ ਦੇ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਵੀ ਪ੍ਰਦਰਸ਼ਿਤ ਕੀਤਾ, ਜਿਸ ਵਿੱਚ ਇਸ ਦਾ ਮਜ਼ਬੂਤ ਨਿਰਮਾਣ ਮਾਹੌਲ, ਹੁਨਰਮੰਦ ਕਾਰਜਬਲ, ਪ੍ਰਗਤੀਸ਼ੀਲ ਨੀਤੀਆਂ ਅਤੇ ਨਿਵੇਸ਼ਕ-ਅਨੁਕੂਲ ਸ਼ਾਸਨ ਢਾਂਚਾ ਸ਼ਾਮਲ ਹੈ। ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡ ਵਿਚਕਾਰ ਮਜ਼ਬੂਤ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ 'ਤੇ ਵੀ ਜ਼ੋਰ ਦਿੱਤਾ, ਜੋ ਖੁੱਲ੍ਹੇਪਣ ਅਤੇ ਨਵੀਨਤਾ ਦੇ ਸਾਂਝੇ ਮੁੱਲਾਂ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਪ੍ਰਤੀ ਸੂਬਾ ਸਰਕਾਰ ਦੀ ਸਰਗਰਮ ਅਤੇ ਸੁਧਾਰ-ਮੁਖੀ ਪਹੁੰਚ 'ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ 2026 ਦੇਸ਼ ਵਿੱਚ ਸਭ ਤੋਂ ਵੱਧ ਮੁਕਾਬਲੇ ਵਾਲੀ ਨੀਤੀ ਹੈ। ਭਗਵੰਤ ਸਿੰਘ ਮਾਨ ਨੇ ਸਿੰਗਲ-ਵਿੰਡੋ ਕਲੀਅਰੈਂਸ ਅਤੇ ਸਮਾਂਬੱਧ ਪ੍ਰਵਾਨਗੀਆਂ ਨੂੰ ਯਕੀਨੀ ਬਣਾਉਣ ਵਿੱਚ ਫਾਸਟ ਟਰੈਕ ਪੰਜਾਬ ਪੋਰਟਲ ਦੀ ਪ੍ਰਭਾਵਸ਼ੀਲਤਾ ਬਾਰੇ ਵੀ ਜਾਣੂ ਕਰਵਾਇਆ। ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡ ਵਿਚਕਾਰ ਸਾਂਝੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਉੱਦਮੀ ਭਾਵਨਾ ਦੀ ਸ਼ਲਾਘਾ ਕਰਦੇ ਹੋਏ ਵਿਸ਼ਵ-ਵਿਆਪੀ ਨਿਵੇਸ਼ਕਾਂ ਨੂੰ 'ਪੰਜਾਬ ਵਿੱਚ ਆਓ, ਨਿਵੇਸ਼ ਕਰੋ ਅਤੇ ਅੱਗੇ ਵਧੋ' ਦਾ ਸੱਦਾ ਦਿੱਤਾ। ਉਨ੍ਹਾਂ ਨੇ ਪੰਜਾਬ ਦੇ ਰਣਨੀਤਕ ਫਾਇਦਿਆਂ ਨੂੰ ਵੀ ਉਜਾਗਰ ਕੀਤਾ ਅਤੇ ਨਿਰਵਿਘਨ ਨਿਵੇਸ਼ਾਂ ਨੂੰ ਆਰਾਮਦਾਇਕ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਪੰਜਾਬ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਗੁਣਵੱਤਾ ਵਾਲਾ ਬੁਨਿਆਦੀ ਢਾਂਚਾ, ਪ੍ਰਗਤੀਸ਼ੀਲ ਕਿਸਾਨ ਅਤੇ ਵਿਸ਼ਵ ਪੱਧਰੀ ਮਾਪਦੰਡਾਂ ਅਨੁਸਾਰ ਹੁਨਰਮੰਦ ਮਨੁੱਖੀ ਸ਼ਕਤੀ 'ਤੇ ਜ਼ੋਰ ਦਿੱਤਾ।




ਭਗਵੰਤ ਸਿੰਘ ਮਾਨ ਨੇ ਡੱਚ ਕੰਪਨੀਆਂ ਨੂੰ ਨਵੇਂ ਨਿਵੇਸ਼ਾਂ ਲਈ ਪੰਜਾਬ ਨੂੰ ਇਕ ਸੰਭਾਵੀ ਸਥਾਨ ਵਜੋਂ ਵਿਚਾਰਨ ਦਾ ਵੀ ਸੱਦਾ ਦਿੱਤਾ। ਮੁੱਖ ਮੰਤਰੀ ਨੇ ਇਕ ਭਾਈਚਾਰਕ ਪ੍ਰੋਗਰਾਮ ਦੌਰਾਨ ਪਰਵਾਸੀ ਪੰਜਾਬੀਆਂ ਨਾਲ ਗੱਲਬਾਤ ਕੀਤੀ, ਜਿਸ ਨਾਲ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਡੂੰਘਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਸੱਭਿਆਚਾਰਕ ਅਤੇ ਆਰਥਿਕਤਾ ਰਾਹੀਂ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਨੀਦਰਲੈਂਡਜ਼ ਵਿੱਚ ਭਾਰਤੀ ਅਤੇ ਪੰਜਾਬੀ ਭਾਈਚਾਰੇ ਦੇ ਯੋਗਦਾਨ ਨੂੰ ਸਵੀਕਾਰ ਕੀਤਾ। ਗੱਲਬਾਤ ਦੌਰਾਨ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਦੇ ਸੁਝਾਅ ਵੀ ਮੰਗੇ ਅਤੇ ਪੰਜਾਬ ਦੀ ਵਿਕਾਸ ਯਾਤਰਾ ਵਿੱਚ ਮੁੱਖ ਭਾਈਵਾਲਾਂ ਵਜੋਂ ਪਰਵਾਸੀ ਪੰਜਾਬੀਆਂ ਨਾਲ ਜੁੜਨ ਦੀ ਸਰਕਾਰ ਦੀ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਨੀਦਰਲੈਂਡਜ਼ ਵਿੱਚ ਭਾਰਤੀ ਸਫ਼ੀਰ ਕੁਮਾਰ ਤੁਹਿਨ ਅਤੇ ਹੋਰ ਵੀ ਹਾਜ਼ਰ ਸਨ।

## ਮੋਹਾਲੀ ਦੇ ਵੀਆਰ ਪੰਜਾਬ ਮਾਲ ਨੂੰ ਲੱਗਾ ਤਾਲਾ

ਮੋਹਾਲੀ, 21 ਅਪ੍ਰੈਲ (ਚ. ਨ.ਸ.): ਮੋਹਾਲੀ ਵਿੱਚ ਵੀਆਰ ਮਾਲਵਾ ਪ੍ਰਾਈਵੇਟ ਲਿਮਟਿਡ ਵੱਲੋਂ ਚਲਾਇਆ ਜਾ ਰਿਹਾ ਵੀਆਰ ਪੰਜਾਬ ਮਾਲ ਤੁਰੰਤ ਪ੍ਰਭਾਵ ਨਾਲ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਇੱਥੇ ਕੰਮ ਕਰਦੇ ਸੈਂਕੜੇ ਕਰਮਚਾਰੀਆਂ ਅਤੇ ਹਿੱਸੇਦਾਰਾਂ ਦਾ ਭਵਿੱਖ ਦਾਅ 'ਤੇ ਲੱਗ ਗਿਆ ਹੈ। ਨਿੱਜੀ ਕੰਪਨੀ ਨੇ ਦੱਸਿਆ ਕਿ ਤਿੰਨ ਅਪਰੈਲ ਨੂੰ ਆਏ ਭੂਚਾਲ ਦੇ ਅਣਕਿਆਸੇ ਪ੍ਰਭਾਵ ਕਾਰਨ ਇਮਾਰਤ ਦਾ ਢਾਂਚਾ ਅਸੁਰੱਖਿਅਤ ਪਾਇਆ ਗਿਆ ਹੈ, ਜਿਸ ਕਾਰਨ ਮਾਲ ਨੂੰ ਬੰਦ ਕਰਨ ਦਾ ਫੈਸਲਾ ਲਿਆ ਗਿਆ। ਹਾਲਾਂਕਿ, ਮਾਹਿਰਾਂ ਦਾ ਮੰਨਣਾ ਹੈ ਕਿ ਗਾਹਕਾਂ ਦੀ ਘਟਦੀ ਗਿਣਤੀ, ਘਾਟਾ ਅਤੇ ਆਸ-ਪਾਸ ਖੁੱਲ੍ਹੇ ਕਈ ਹੋਰ ਨਵੇਂ ਬਦਲ ਵੀ ਇਸ ਦੇ ਬੰਦ ਹੋਣ ਦਾ ਕਾਰਨ ਹੋ ਸਕਦੇ ਹਨ। ਵੀਆਰ ਮਾਲ ਦੀ ਮੈਨੇਜਮੈਂਟ ਅਨੁਸਾਰ, ਤਕਨੀਕੀ ਟੀਮ ਵੱਲੋਂ ਕੀਤੇ ਗਏ ਮੁਲਾਂਕਣ ਵਿੱਚ ਇਮਾਰਤ ਦੇ ਢਾਂਚੇ ਵਿੱਚ ਗੰਭੀਰ ਜ਼ੋਖਮ ਪਾਏ ਗਏ ਹਨ, ਜਿਸ ਕਰਕੇ ਜਨਤਕ ਸੁਰੱਖਿਆ ਨੂੰ ਮੁੱਖ ਰੱਖਦਿਆਂ ਇਸ ਨੂੰ ਬੰਦ ਕੀਤਾ ਗਿਆ ਹੈ।

# ਮੁਲਾਜ਼ਮਾਂ ਦੇ ਹੱਕ 'ਚ ਆਇਆ ਹਾਈਕੋਰਟ ਦਾ ਫੈਸਲਾ ਇਤਿਹਾਸਿਕ ਤੇ ਸਲਾਹੁਣ ਯੋਗ : ਗਿਆਨੀ ਹਰਪ੍ਰੀਤ ਸਿੰਘ



ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਪੰਜਾਬ ਗੌਰਮਿੰਟ ਦੇ ਮੁਲਾਜ਼ਮਾਂ ਦੇ ਹੱਕ ਵਿੱਚ ਕੀਤੇ ਗਏ ਹਾਈਕੋਰਟ ਦੇ ਫੈਸਲੇ ਨੂੰ ਇਤਿਹਾਸਿਕ ਦੱਸਦਿਆਂ ਇਸ ਦਾ ਪੁਰਜੋਰ ਸਵਾਗਤ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਉਨਾਂ ਦੇ ਮਹਿੰਗਾਈ ਭੱਤੇ ਦੇ ਬਕਾਏ ਦੇਣ ਲਈ ਲੰਮੇ ਸਮੇਂ ਤੋਂ ਬਹਾਨੇ ਬਣਾ ਕੇ ਟਾਲ ਮਟੋਲ ਕਰ ਰਹੀ ਸੀ। ਜਦਕਿ ਉੱਚ ਅਹੁਦਿਆਂ ਵਾਲੇ ਆਈ.ਏ.ਐਸ, ਆਈ.ਪੀ.ਐਸ ਅਫਸਰਾਂ ਨੂੰ ਸਾਰੇ ਬਕਾਏ ਨਾਲ ਦੀ ਨਾਲ ਦਿੱਤੇ ਜਾ ਰਹੇ ਸਨ। ਹਾਈਕੋਰਟ ਦਾ ਇਹ ਕਹਿਣਾ ਕਿ 'ਇਹ ਬਰਾਬਰਤਾ ਦੇ ਅਸੂਲ ਦੇ ਵਿਰੁੱਧ ਹੈ' ਬਹੁਤ ਹੀ ਸ਼ਲਾਘਾਯੋਗ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹਨਾਂ ਹੀ ਮੁਲਾਜ਼ਮਾਂ ਦੇ ਸਹਿਯੋਗ ਨਾਲ ਸਤਾ ਵਿੱਚ ਆਈ ਇਹ ਆਮ ਆਦਮੀ ਪਾਰਟੀ ਨੇ ਮੁਲਾਜ਼ਮਾਂ ਦਾ ਗਲਾ ਘੁੱਟਣ ਲਈ ਹਾਈ ਕੋਰਟ ਵਿੱਚ ਆਪਣਾ ਪੂਰਾ ਜ਼ੋਰ ਲਗਾਇਆ। ਪਰ ਅਦਾਲਤ ਨੇ ਇਹਨਾਂ ਦੀ ਇਸ ਦਗੇਬਾਜੀ ਨੂੰ ਪੂਰੀ ਤਰ੍ਹਾਂ ਨੰਗਾ ਕਰਕੇ ਰੱਖ ਦਿੱਤਾ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਮੁਲਾਜ਼ਮਾਂ ਨਾਲ ਹੋਰ ਧੱਕਾ ਅਤੇ ਧੋਖਾ ਕਰਨ ਦੀ ਬਜਾਏ ਹਾਈਕੋਰਟ ਦੇ ਹੁਕਮਾਂ 'ਤੇ ਫੁੱਲ ਚੜਾਉਂਦਿਆਂ ਮੁਲਾਜ਼ਮਾਂ ਅਤੇ ਪੈਨਸ਼ਨਾਂ ਦੇ ਬਕਾਏ ਜਲਦੀ ਤੋਂ ਜਲਦੀ ਅਦਾ ਕਰੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਇਹ ਸੁਣ ਕੇ ਬਹੁਤ ਹੀ ਹੈਰਾਨੀ ਹੋਈ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦਾ ਡੀ.ਏ ਹਰਿਆਣਾ, ਦਿੱਲੀ ਅਤੇ ਕੇਂਦਰੀ ਮੁਲਾਜ਼ਮਾਂ ਤੋਂ ਬਹੁਤ ਘੱਟ ਹੈ। ਇਹ ਬਹੁਤ ਹੀ ਵਿਤਕਰੇ ਭਰੀ ਧੱਕੇਸ਼ਾਹੀ ਹੈ। ਜਿਸ ਨੂੰ ਤੁਰੰਤ ਬੰਦ ਕਰਕੇ ਸਾਰੇ ਮੁਲਾਜਮਾਂ ਦਾ ਮਹਿੰਗਾਈ ਭੱਤਾ ਕੇਂਦਰੀ ਮੁਲਾਜ਼ਮਾਂ ਦੇ ਬਰਾਬਰ ਕਰਨਾ ਚਾਹੀਦਾ ਹੈ। ਬਿਆਨ ਦੇ ਅਖੀਰ ਵਿੱਚ ਉਹਨਾਂ ਕਿਹਾ ਕਿ ਇਸ ਧੱਕੇਸ਼ਾਹੀ ਖਿਲਾਫ ਜੋ ਮੁਲਾਜ਼ਮ ਜਥੇਬੰਦੀਆਂ ਕੋਈ ਸੰਘਰਸ਼ ਵਿੱਢਦੀਆਂ ਹਨ ਤਾਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਸਭ ਤੋਂ ਅੱਗੇ ਹੋ ਕੇ ਉਹਨਾਂ ਦਾ ਸਾਥ ਦੇਵੇਗਾ। ਇਹ ਪ੍ਰੈਸ ਬਿਆਨ ਮੀਡੀਆ ਇੰਚਾਰਜ ਤੇਜਿੰਦਰ ਸਿੰਘ ਪੰਨੂੰ ਨੇ ਪ੍ਰੈਸ ਦੇ ਨਾਂ ਜਾਰੀ ਕੀਤਾ।

# ਧਰਮਵੀਰ ਸਿੰਘ ਗਿੱਲ ਤੇ ਦਿਓਲ ਖੇੜਕੀ ਵੱਲੋਂ ਡੀਐੱਸਪੀ ਗੁਰਚਰਨ ਸਿੰਘ ਵੜੈਚ ਦਾ ਸਵਾਗਤ



ਮੋਹਾਲੀ, 21 ਅਪ੍ਰੈਲ (ਜਵੰਦਾ) : ਮੋਹਾਲੀ ਸਿਟੀ ਵਨ ਵਿੱਚ ਡੀਐੱਸਪੀ ਵਜੋਂ ਨਵਾਂ ਚਾਰਜ ਸੰਭਾਲਣ ਉਪਰੰਤ ਡੀਐੱਸਪੀ ਗੁਰਚਰਨ ਸਿੰਘ ਵੜੈਚ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਰਿਆਲਟੀ ਗਰੁੱਪ ਦੇ ਐਮਡੀ ਧਰਮਵੀਰ ਸਿੰਘ ਗਿੱਲ ਅਤੇ ਸਰਦਾਰ ਐਗਰੋਟੈਕ ਕੁਲਬੁਰਛਾਂ ਦੇ ਐਮਡੀ ਹਰਿੰਦਰ ਸਿੰਘ ਦਿਓਲ ਖੇੜਕੀ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਵਧਾਈ ਦਿੱਤੀ ਗਈ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਨੇ ਡੀਐੱਸਪੀ ਵੜੈਚ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਉਮੀਦ ਜਤਾਈ ਕਿ ਉਹ ਆਪਣੇ ਤਜਰਬੇ ਅਤੇ ਇਮਾਨਦਾਰੀ ਨਾਲ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕਰਨਗੇ।

ਇਸ ਮੌਕੇ ਡੀਐੱਸਪੀ ਗੁਰਚਰਨ ਸਿੰਘ ਵੜੈਚ ਨੇ ਸਭ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਆਪਣੀ ਡਿਊਟੀ ਨਿਸ਼ਠਾ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਲੋਕਾਂ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕਰਨਗੇ।

# ਐੱਸ.ਐੱਫ.ਸੀ. ਗਰੁੱਪ ਆਫ ਇੰਸਟੀਟਿਊਟ ਨੇ ਹੈਲਥ ਅਵੇਰਨੈੱਸ ਕੈਂਪ ਲਗਾਇਆ



ਮੋਗਾ, 21 ਅਪ੍ਰੈਲ (ਨਿਸ਼ੀ ਮਨਚੰਦਾ): ਐੱਸ.ਐੱਫ.ਸੀ ਗਰੁੱਪ ਆਫ ਇੰਸਟੀਟਿਊਟ ਨੇ ਐੱਸ.ਐੱਫ.ਸੀ ਆਈ ਟੀ ਆਈ ਦੇ ਬੈਨਰ ਹੇਠ ਨਜ਼ਦੀਕੀ ਪਿੰਡਾਂ ਵਿੱਚ ਆਮ ਲੋਕਾਂ ਲਈ ਇੱਕ ਹੈਲਥ ਅਵੇਰਨੈੱਸ ਕੈਂਪ ਦਾ ਸਫਲ ਆਯੋਜਨ ਕੀਤਾ।

ਇਸ ਕੈਂਪ ਦਾ ਮੁੱਖ ਉਦੇਸ਼ ਬੁਨਿਆਦੀ ਸਿਹਤ, ਸਫਾਈ, ਬਿਮਾਰੀਆਂ ਤੋਂ ਬਚਾਅ ਅਤੇ ਸਹੀ ਖੁਰਾਕ ਨਾਲ ਸੰਬੰਧਿਤ ਜਾਣਕਾਰੀ ਫੈਲਾਉਣਾ ਸੀ। ਇਸ ਮੌਕੇ ਸੰਸਥਾ ਦੇ ਸੀ.ਐਮ.ਡੀ. ਐਡਵੋਕੇਟ ਅਭਿਸ਼ੇਕ ਜਿੰਦਲ ਨੇ ਸੰਸਥਾ ਦੀ ਸਮਾਜਿਕ ਜ਼ਿੰਮੇਵਾਰੀ ਅਤੇ ਲੋਕ ਭਲਾਈ ਪ੍ਰਤੀ ਵਚਨਬੱਧਤਾ ਉਤੇ ਜ਼ੋਰ ਦਿੱਤਾ ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਵਿੱਚ ਸੇਵਾਭਾਵ ਅਤੇ ਸਮਾਜ ਦੀ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੇ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਿਹਤਮੰਦ ਜੀਵਨ ਜਿਉਣ ਲਈ ਜਾਗਰੂਕ ਕੀਤਾ ਅਤੇ ਸਫਾਈ ਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਫਰਸਟ ਲੇਡੀ ਸ਼ੀਨਮ ਜਿੰਦਲ ਨੇ ਕਿਹਾ ਕਿ ਜਾਗਰੂਕਤਾ ਹੀ ਬਿਮਾਰੀਆਂ ਤੋਂ ਬਚਾਅ ਦਾ ਸਭ ਤੋਂ ਵਧੀਆ ਸਾਧਨ ਹੈ ਅਤੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਕੈਂਪ ਦੌਰਾਨ ਲੋਕਾਂ ਨੂੰ ਸਿਹਤ ਸਬੰਧੀ ਸਲਾਹਾਂ ਅਤੇ ਨਿਯਮਿਤ ਸਿਹਤ ਜਾਂਚ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਸੰਸਥਾ ਦੇ ਪ੍ਰਿੰਸੀਪਲ ਮਨਜਿੰਦਰ ਸਿੰਘ ਸੇਖੋਂ ਅਤੇ ਅਧਿਆਪਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ ਮਿਲਦੀ ਹੈ ਅਤੇ ਸਮਾਜ ਦੀ ਨਿਸ਼ਕਾਮ ਸੇਵਾ ਕਰਨ ਦਾ ਮੌਕਾ ਵੀ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤਕਾਰੀ ਪ੍ਰੋਗਰਾਮ ਜਾਰੀ ਰਹਿਣਗੇ।

# ਬੈਂਕ ਮੈਨੇਜਰ ਵਲੋਂ ਐੱਨ.ਆਰ.ਆਈ. ਔਰਤ ਨਾਲ ਢਾਈ ਕਰੋੜ ਦੀ ਠੱਗੀ

ਚੰਡੀਗੜ੍ਹ, 21 ਅਪ੍ਰੈਲ (ਚ. ਨ. ਸ.): ਨਗਰ ਨਿਗਮ ਦੇ ਕਰੋੜਾਂ ਰੁਪਏ ਦੇ ਘਪਲੇ 'ਚ ਫਸੇ ਆਈ. ਡੀ. ਐੱਫ. ਸੀ. ਬੈਂਕ ਮੈਨੇਜਰ ਰਿਭਵ ਰਿਸ਼ੀ ਨੇ ਐੱਨ. ਆਰ. ਆਈ. ਦੇ ਖ਼ਾਤੇ ਤੋਂ ਢਾਈ ਕਰੋੜ ਰੁਪਏ ਦੀ ਠੱਗੀ ਕੀਤੀ ਸੀ। ਰਿਭਵ ਨੇ ਐੱਨ. ਆਰ. ਆਈ. ਦੇ ਖ਼ਾਤੇ ਤੋਂ ਕਰੋੜਾਂ ਰੁਪਏ ਪਤਨੀ ਅਤੇ ਫਿਨਟੈਕ ਸਰਵਿਸੇਜ਼ ਕੰਪਨੀ ਦੇ ਖ਼ਾਤੇ 'ਚ ਟਰਾਂਸਫਰ ਕੀਤੇ ਸਨ। ਯੂਨਾਈਟਿਡ ਕਿੰਗਡਮ ਨਿਵਾਸੀ ਤਰਨਜੀਤ ਕੌਰ ਬੈਂਸ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ। ਸੈਕਟਰ-17 ਥਾਣਾ ਪੁਲਿਸ ਨੇ ਜਾਂਚ ਕਰਨ ਤੋਂ ਬਾਅਦ ਸੈਕਟਰ-22 ਸਥਿਤ ਆਈ. ਡੀ. ਐੱਫ. ਸੀ. ਬੈਂਕ ਮੈਨੇਜਰ ਰਿਭਵ ਰਿਸ਼ੀ ਅਤੇ ਹੋਰ ਅਧਿਕਾਰੀਆਂ ਖ਼ਿਲਾਫ਼ ਢਾਈ ਕਰੋੜ ਦੀ ਠੱਗੀ, ਧੋਖਾਧੜੀ, ਅਪਰਾਧਿਕ ਵਿਸ਼ਵਾਸਘਾਤ, ਜਾਅਲਸਾਜ਼ੀ ਅਤੇ ਅਪਰਾਧਿਕ ਸਾਜ਼ਿਸ਼ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ। ਤਰਨਜੀਤ ਕੌਰ ਬੈਂਸ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਪਰਿਵਾਰ ਨਾਲ ਗ੍ਰੇਟਰ ਲੰਦਨ, ਯੂਨਾਈਟੇਡ ਕਿੰਗਡਮ 'ਚ ਰਹਿੰਦੀ ਹੈ। ਸੈਕਟਰ-21ਏ 'ਚ ਮਕਾਨ ਨੰਬਰ 342 ਨੂੰ ਵੇਚਣ ਲਈ 2020 'ਚ ਪ੍ਰਕਿਰਿਆ ਸ਼ੁਰੂ ਕੀਤੀ ਸੀ। ਲੈਣ-ਦੇਣ ਸਬੰਧੀ ਪੰਜਾਬ ਨੈਸ਼ਨਲ ਬੈਂਕ ਦੇ ਸੇਵਾਮੁਕਤ ਅਧਿਕਾਰੀ ਆਰ. ਕੇ. ਰਿਸ਼ੀ ਨਾਲ ਸੰਪਰਕ ਕੀਤਾ। ਉਸਨੇ ਆਪਣੇ ਬੇਟੇ ਦੀ ਸੈਕਟਰ-22 ਸਥਿਤ ਆਈ. ਡੀ. ਐੱਫ. ਸੀ. ਬੈਂਕ ਮੈਨੇਜਰ ਰਿਭਵ ਰਿਸ਼ੀ ਨਾਲ ਮੁਲਾਕਾਤ ਕਰਵਾਈ। ਰਿਭਵ ਰਿਸ਼ੀ ਨੇ ਚੰਗੇ ਰਿਟਰਨ ਦੀ ਗੱਲ ਕਹਿੰਦੇ ਹੋਏ ਆਪਣੇ ਬੈਂਕ 'ਚ ਸੇਵਿੰਗ ਅਕਾਊਂਟ ਖੁੱਲ੍ਹਵਾਉਣ ਲਈ ਕਿਹਾ। ਉਨ੍ਹਾਂ ਖ਼ਾਤਾ ਖੁੱਲ੍ਹਵਾ ਕੇ ਲੱਖਾਂ ਰੁਪਏ ਜਮ੍ਹਾਂ ਕਰਵਾ ਦਿੱਤੇ। ਉਹ 4 ਮਾਰਚ, 2020 ਨੂੰ ਭਾਰਤ ਆਏ। ਇਸ ਦੌਰਾਨ ਕੋਵਿਡ-19 ਦੀ ਮਹਾਂਮਾਰੀ ਕਾਰਨ ਜੂਨ 2020 'ਚ ਵਾਪਸ ਯੂਨਾਈਟਿਡ ਕਿੰਗਡਮ ਚਲੇ ਗਏ। 2023 'ਚ ਸਿਰਫ ਇੱਕ ਵਾਰ ਭਾਰਤ ਆਏ ਅਤੇ 6 ਮਾਰਚ, 2023 ਨੂੰ ਚਲੇ ਗਏ। 2023-2024 ਵਿਚਕਾਰ ਰਿਭਵ ਰਿਸ਼ੀ, ਸਬੰਧਿਤ ਰਿਲੇਸ਼ਨਸ਼ਿਪ ਮੈਨੇਜਰ ਅਤੇ ਹੋਰ ਬੈਂਕ ਅਧਿਕਾਰੀਆਂ ਦੇ ਸੰਪਰਕ 'ਚ ਰਹੇ। ਸਾਰੇ ਬੈਂਕ ਨਿਵੇਸ਼ ਯੋਜਨਾਵਾਂ ਅਤੇ ਆਈ. ਪੀ. ਓ. ਦੀ ਜਾਣਕਾਰੀ ਦੇ ਵੱਡਾ ਮੁਨਾਫ਼ੇ ਦੀ ਗੱਲ ਕਹਿੰਦੇ ਸੀ। ਰਿਭਵ ਰਿਸ਼ੀ ਅਤੇ ਹੋਰ ਬੈਂਕ ਅਧਿਕਾਰੀਆਂ ਨੇ ਉਨ੍ਹਾਂ ਦੇ ਪੈਸੇ ਬੈਂਕ ਸਕੀਮ 'ਚ ਜਮ੍ਹਾਂ ਨਹੀਂ ਕੀਤੇ, ਪੈਸਾ ਨਿੱਜੀ ਕੰਪਨੀਆਂ ਅਤੇ ਤੀਜੀ-ਧਿਰ ਦੇ ਖ਼ਾਤਿਆਂ 'ਚ ਟਰਾਂਸਫਰ ਕਰ ਦਿੱਤਾ ਸੀ। ਜਨਵਰੀ-ਫਰਵਰੀ 2025 'ਚ ਰਿਭਵ ਤੋਂ ਐੱਨ. ਆਰ. ਆਈ. ਖ਼ਾਤੇ ਤੋਂ ਯੂ. ਕੇ. ਖਾਤੇ ਵਿਚ ਇਕ ਕਰੋੜ ਟਰਾਂਸਫਰ ਕਰਨ ਲਈ ਕਿਹਾ। ਇਸ ਦੇ ਬਾਅਦ ਮਾਰਚ 2025 ਤੱਕ ਸਾਰੇ ਨਿਵੇਸ਼ ਬੰਦ ਕਰਨ ਲਈ ਕਿਹਾ। ਰਿਭਵ ਨੇ ਕਿਹਾ ਕਿ 28 ਫਰਵਰੀ, 2025 ਤੱਕ ਇਕ ਕਰੋੜ ਰੁਪਏ ਟਰਾਂਸਫਰ ਕਰ ਦੇਵੇਗਾ, ਪਰ ਉਸਨੇ ਅਜਿਹਾ ਨਹੀਂ ਕੀਤਾ ਅਤੇ ਭਰੋਸੇ ਦਿੰਦਾ ਰਿਹਾ। ਮਈ 2025 'ਚ ਪਤਾ ਲੱਗਾ ਕਿ ਉਨ੍ਹਾਂ ਦੇ ਖਾਤੇ ਤੋਂ ਰਿਭਵ ਨੇ ਆਪਣੀ ਪਤਨੀ ਦਿੱਵਿਆ ਅਰੋੜਾ ਦੇ ਖ਼ਾਤੇ ਵਿਚ ਪੈਸੇ ਟਰਾਂਸਫਰ ਕੀਤੇ ਹਨ। ਫਰਵਰੀ ਤੱਕ ਰਿਭਵ ਨੇ ਮੂਲ ਰਕਮ ਵਿਆਜ ਸਮੇਤ ਵਾਪਸ ਕਰਨ ਦੀ ਗੱਲ ਕਹੀ। ਸ਼ਿਕਾਇਤਕਰਤਾ ਨੂੰ ਅਖ਼ਬਾਰਾਂ ਰਾਹੀਂ ਰਿਭਵ ਦਾ ਨਾਮ 2590 ਕਰੋੜ ਰੁਪਏ ਦੇ ਘਪਲੇ 'ਚ ਆਉਣ ਅਤੇ ਗ੍ਰਿਫ਼ਤਾਰ ਹੋਣ ਦੀ ਜਾਣਕਾਰੀ ਮਿਲੀ।

ਬਾਅਦ ਵਿਚ ਪਤਾ ਲੱਗਾ ਕਿ ਉਸ ਦੇ ਬੈਂਕ ਖ਼ਾਤੇ ਤੋਂ ਕਰੋੜਾਂ ਰੁਪਏ ਕੈਪਕੋ ਫਿਨਟੈਕ ਸਰਵਿਸਿਜ਼ ਵਰਗੀਆਂ ਸੰਸਥਾਵਾਂ ਨੂੰ ਟਰਾਂਸਫਰ ਕੀਤੇ ਗਏ ਸਨ ਅਤੇ ਕੁੱਝ ਰਕਮ ਬਾਅਦ ਵਿਚ ਵੱਖ-ਵੱਖ ਕੰਪਨੀਆਂ ਰਾਹੀਂ ਵਾਪਸ ਜਮ੍ਹਾਂ ਕੀਤੀ ਗਈ। 22 ਫਰਵਰੀ, 2026 ਨੂੰ ਬੈਂਕ ਨੇ ਉਨ੍ਹਾਂ ਨੂੰ ਈ. ਮੇਲ ਭੇਜ ਕੇ ਢਾਈ ਕਰੋੜ ਰੁਪਏ ਟਰਾਂਸਫਰ ਹੋਣ ਦੀ ਜਾਣਕਾਰੀ ਦਿੱਤੀ। ਉਨ੍ਹਾਂ ਤੁਰੰਤ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ (ਐੱਨ. ਸੀ. ਆਰ. ਪੀ.) 'ਤੇ ਸ਼ਿਕਾਇਤ ਦਰਜ ਕਰਵਾਈ। ਸੈਕਟਰ-17 ਥਾਣਾ ਪੁਲਿਸ ਨੇ ਤਰਨਜੀਤ ਕੌਰ ਬੈਂਸ ਦੀ ਸ਼ਿਕਾਇਤ 'ਤੇ ਸੈਕਟਰ-22 ਸਥਿਤ ਆਈ. ਡੀ. ਐੱਫ. ਸੀ. ਬੈਂਕ ਦੇ ਮੈਨੇਜਰ ਰਿਭਵ ਰਿਸ਼ੀ ਅਤੇ ਹੋਰ ਅਧਿਕਾਰੀਆਂ ਵਿਰੁੱਧ ਢਾਈ ਕਰੋੜ ਠੱਗਣ 'ਤੇ ਅਪਰਾਧਿਕ ਵਿਸ਼ਵਾਸਘਾਤ- ਧਾਰਾ 316 (5) ਭਾਰਤੀ ਨਿਆ ਸੰਹਿਤਾ (ਬੀ. ਐੱਨ. ਐੱਸ.), ਧੋਖਾਧੜੀ- ਧਾਰਾ 318 ਬੀ. ਐੱਨ. ਐੱਸ., ਅਪਰਾਧਿਕ ਸਾਜ਼ਿਸ਼ ਧਾਰਾ 61 ਬੀ. ਐੱਨ. ਐੱਸ. ਦੇ ਨਾਲ-ਨਾਲ ਕਾਨੂੰਨ ਦੇ ਪ੍ਰਾਸੰਗਿਕ ਪ੍ਰਾਵਧਾਨਾਂ ਤਹਿਤ ਜਾਅਲਸਾਜ਼ੀ, ਧੋਖਾਧੜੀ ਅਤੇ ਬੈਂਕਿੰਗ ਪ੍ਰਣਾਲੀਆਂ ਦੀ ਦੁਰਵਰਤੋਂ ਨਾਲ ਸਬੰਧਿਤ ਹੋਰ ਅਪਰਾਧਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ।

# ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਲਰਨਿੰਗ ਵਰਕਸ਼ਾਪ



ਅਜੀਤਵਾਲ, 21 ਅਪ੍ਰੈਲ (ਨਿਸ਼ੀ ਮਨਚੰਦਾ) ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਦੇ ਵਿਕਾਸ ਅਤੇ ਉਨ੍ਹਾਂ ਦੀ ਸਿੱਖਣ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਲਰਨਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਬੱਚਿਆਂ ਨੂੰ ਨਵੀਂ ਸਿੱਖਿਆ ਪ੍ਰਣਾਲੀ ਅਤੇ ਰਚਨਾਤਮਕ ਤਰੀਕਿਆਂ ਰਾਹੀਂ ਪੜ੍ਹਾਈ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਗਿਆ। ਇਸ ਵਰਕਸ਼ਾਪ ਦਾ ਮੁੱਖ ਮਕਸਦ ਬੱਚਿਆਂ ਵਿੱਚ ਸਿੱਖਣ ਦੀ ਦਿਲਚਸਪੀ ਵਧਾਉਣਾ, ਉਨ੍ਹਾਂ ਦੀ ਸੋਚਣ ਦੀ ਸ਼ਕਤੀ ਨੂੰ ਵਿਕਸਿਤ ਕਰਨਾ ਅਤੇ ਪਾਠਾਂ ਨੂੰ ਆਸਾਨ ਢੰਗ ਨਾਲ ਸਮਝਾਉਣਾ ਸੀ। ਅੱਜ ਦੇ ਸਮੇਂ ਵਿੱਚ ਸਿਰਫ ਕਿਤਾਬੀ ਗਿਆਨ ਹੀ ਨਹੀਂ, ਸਗੋਂ ਪ੍ਰਯੋਗਾਤਮਕ ਅਤੇ ਗਤੀਵਿਧੀ ਆਧਾਰਿਤ ਸਿੱਖਿਆ ਵੀ ਬਹੁਤ ਜ਼ਰੂਰੀ ਹੈ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਸਕੂਲ ਵੱਲੋਂ ਇਹ ਉਪਰਾਲਾ ਕੀਤਾ ਗਿਆ। ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਜੀ ਨੇ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥੀਆਂ ਦੇ ਮਨੋਬਲ ਨੂੰ ਉੱਚਾ ਚੁੱਕਦੀਆਂ ਹਨ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ। ਇਸ ਨਾਲ ਬੱਚਿਆਂ ਦੀ ਯਾਦਦਾਸ਼ਤ, ਤਰਕਸ਼ੀਲ ਸੋਚ ਅਤੇ ਰਚਨਾਤਮਕਤਾ ਨੂੰ ਵੀ ਵਾਧਾ ਮਿਲਦਾ ਹੈ।

# ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਟਿਵਾਣਾ ਅਤੇ ਲਾਲੜੂ ਮੰਡੀਆਂ ਦਾ ਦੌਰਾ, ਕਣਕ ਦੇ ਖਰੀਦ ਕਾਰਜਾਂ ਦਾ ਲਿਆ ਜਾਇਜ਼ਾ



ਲਾਲੜੂ, 21 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) : ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਵੱਲੋਂ ਅੱਜ ਟਿਵਾਣਾ ਅਤੇ ਲਾਲੜੂ ਅਨਾਜ ਮੰਡੀਆਂ ਦਾ ਦੌਰਾ ਕਰਕੇ ਜ਼ਿਲ੍ਹੇ ਵਿੱਚ ਚੱਲ ਰਹੇ ਕਣਕ ਦੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਦੌਰੇ ਦੌਰਾਨ ਉਨ੍ਹਾਂ ਨੇ ਮੰਡੀਆਂ ਵਿੱਚ ਕੀਤੀਆਂ ਗਈਆਂ ਤਿਆਰੀਆਂ, ਖਰੀਦ, ਲਿਫਟਿੰਗ ਅਤੇ ਸਟੋਰੇਜ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ ਅਤੇ ਕਿਸਾਨਾਂ, ਆੜਤੀਆਂ ਤੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਹਦਾਇਤਾਂ ਦਿੱਤੀਆਂ। ਕਣਕ ਦੀ ਖਰੀਦ ਦੀ ਪ੍ਰਗਤੀ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਐਸ.ਏ.ਐਸ ਨਗਰ ਵਿੱਚ ਖਰੀਦ ਕਾਰਜ ਸੁਚੱਜੇ ਢੰਗ ਨਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਅੱਜ ਦੀ ਆਮਦ 6500 ਮੀਟ੍ਰਿਕ ਟਨ ਰਹੀ ਹੈ, ਜਿਸ ਨਾਲ ਕੁੱਲ ਆਮਦ 99,350 ਮੀਟ੍ਰਿਕ ਟਨ ਤੱਕ ਪਹੁੰਚ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਅੱਜ 4800 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ, ਜਦਕਿ ਕੁੱਲ ਖਰੀਦ 95,931 ਮੀਟ੍ਰਿਕ ਟਨ ਹੋ ਚੁੱਕੀ ਹੈ। ਲਿਫਟਿੰਗ ਬਾਰੇ ਉਨ੍ਹਾਂ ਕਿਹਾ ਕਿ ਅੱਜ 3800 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕੀਤੀ ਗਈ ਹੈ ਅਤੇ ਕੁੱਲ ਲਿਫਟਿੰਗ 27,956 ਮੀਟ੍ਰਿਕ ਟਨ ਤੱਕ ਪਹੁੰਚ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਰੀਦੀ ਗਈ ਕਣਕ ਦੀ ਸਮੇਂ ਸਿਰ ਲਿਫਟਿੰਗ ਯਕੀਨੀ ਬਣਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਸਫ਼ਾਈ ਅਤੇ ਬੈਠਣ ਦੀ ਸੁਵਿਧਾ ਸਮੇਤ ਸਾਰੇ ਬੁਨਿਆਦੀ ਇੰਤਜ਼ਾਮ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਖਰੀਦ ਪ੍ਰਕਿਰਿਆ ਵਿੱਚ ਪੂਰੀ ਪਾਰਦਰਸ਼ਤਾ ਬਣਾਈ ਰੱਖੀ ਜਾਵੇ ਅਤੇ ਕਿਸਾਨਾਂ ਨੂੰ ਭੁਗਤਾਨ ਨਿਰਧਾਰਤ ਸਮੇਂ ਅੰਦਰ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਨੂੰ ਸੁਵਿਧਾਜਨਕ ਅਤੇ ਬਿਨਾ ਰੁਕਾਵਟ ਖਰੀਦ ਸੀਜ਼ਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਮੌਕੇ ਮੌਜੂਦ ਕਿਸਾਨਾਂ ਨੇ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਸਰਾਹਨਾ ਕੀਤੀ ਅਤੇ ਖਰੀਦ ਪ੍ਰਕਿਰਿਆ 'ਤੇ ਸੰਤੁਸ਼ਟੀ ਜਤਾਈ।



## ਸੰਪਾਦਕੀ

# ਸੁਰੱਖਿਅਤ ਯਾਤਰਾ ਦੇ ਮਾਪਦੰਡਾਂ ਦੀ ਅਸਫਲਤਾ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਦੇਸ਼ ਦੇ ਵਿਕਾਸ ਲਈ ਬੁਨਿਆਦੀ ਢਾਂਚੇ ਦਾ ਵਿਸਤਾਰ ਕਰਨਾ ਬਹੁਤ ਜ਼ਰੂਰੀ ਹੈ। ਆਮ ਆਦਮੀ ਦੀ ਜੀਵਨ ਰੇਖਾ ਮੰਨਿਆ ਜਾਂਦਾ ਸੜਕ ਨਿਰਮਾਣ ਵੀ ਇਸੇ ਸ਼੍ਰੇਣੀ ਵਿੱਚ ਆਉਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਨਵੀਆਂ ਸੜਕਾਂ ਦੇ ਨਿਰਮਾਣ ਦੀ ਗਤੀ ਜ਼ਰੂਰ ਤੇਜ਼ ਹੋਈ ਹੈ, ਪਰ ਹਾਦਸਿਆਂ ਦੀ ਗਿਣਤੀ ਵੀ ਲਗਾਤਾਰ ਵਧਦੀ ਰਹੀ ਹੈ। ਐਕਸਪ੍ਰੈਸਵੇਅ ਅਤੇ ਰਾਸ਼ਟਰੀ ਰਾਜਮਾਰਗ, ਖਾਸ ਕਰਕੇ ਉੱਚ-ਤਕਨੀਕੀ ਤਕਨਾਲੋਜੀ ਨਾਲ ਬਣਾਏ ਜਾ ਰਹੇ, ਚਮਕਦਾਰ ਅਤੇ ਸੁਵਿਧਾਜਨਕ ਦਿਖਾਈ ਦੇ ਸਕਦੇ ਹਨ, ਪਰ ਉਹ ਸੁਰੱਖਿਅਤ ਯਾਤਰਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੇ ਹਨ। ਰਾਸ਼ਟਰੀ ਰਾਜਮਾਰਗ ਦੇਸ਼ ਦੀ ਕੁੱਲ ਸੜਕ ਲੰਬਾਈ ਦਾ ਸਿਰਫ ਦੋ ਪ੍ਰਤੀਸ਼ਤ ਹਨ, ਫਿਰ ਵੀ ਸੜਕ ਹਾਦਸਿਆਂ ਵਿੱਚ ਮੌਤਾਂ ਵਿੱਚ ਉਨ੍ਹਾਂ ਦਾ ਯੋਗਦਾਨ ਲਗਭਗ ਤੀਹ ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਨੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ, ਕੇਂਦਰ, ਰਾਜ ਸਰਕਾਰਾਂ ਅਤੇ ਸਬੰਧਤ ਅਧਿਕਾਰੀਆਂ ਨੂੰ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪ੍ਰਸ਼ਾਸਨਿਕ ਸੁਸਤੀ ਜਾਂ ਬੁਨਿਆਦੀ ਢਾਂਚੇ ਦੀਆਂ ਕਮੀਆਂ ਕਾਰਨ ਐਕਸਪ੍ਰੈਸਵੇਅ ਨੂੰ ਖ਼ਤਰੇ ਦਾ ਗਲਿਆਰਾ ਨਹੀਂ ਬਣਨਾ ਚਾਹੀਦਾ। ਇਹ ਧਿਆਨ ਦੇਣ ਯੋਗ ਹੈ ਕਿ ਦੇਸ਼ ਵਿੱਚ ਸੜਕ ਹਾਦਸਿਆਂ ਨੂੰ ਘਟਾਉਣ ਦੇ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ, ਇਹ ਸਾਲ ਦਰ ਸਾਲ ਵਧ ਰਹੇ ਹਨ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀ ਇੱਕ ਰਿਪੋਰਟ ਦੇ ਅਨੁਸਾਰ, 2019 ਵਿੱਚ ਦੇਸ਼ ਵਿੱਚ 4.56 ਲੱਖ ਸੜਕ ਹਾਦਸੇ ਦਰਜ ਕੀਤੇ ਗਏ, ਜਿਸਦੇ ਨਤੀਜੇ ਵਜੋਂ ਲਗਭਗ 1.59 ਲੱਖ ਲੋਕਾਂ ਦੀ ਮੌਤ ਹੋਈ। 2020 ਵਿੱਚ ਕੋਵਿਡ-19 ਮਹਾਂਮਾਰੀ ਦੌਰਾਨ ਪੂਰੀ ਤਰ੍ਹਾਂ ਤਾਲਾਬੰਦੀ ਕਾਰਨ ਸੜਕ ਹਾਦਸਿਆਂ ਵਿੱਚ ਥੋੜ੍ਹੀ ਕਮੀ ਆਈ, ਪਰ ਬਾਅਦ ਵਿੱਚ, 2021 ਵਿੱਚ ਲਗਭਗ 4.2 ਲੱਖ, 2022 ਵਿੱਚ 4.61 ਲੱਖ ਅਤੇ 2023 ਵਿੱਚ 4.80 ਲੱਖ ਹਾਦਸੇ ਹੋਏ। ਇਸਦਾ ਮਤਲਬ ਹੈ ਕਿ ਪੰਜ ਸਾਲਾਂ ਵਿੱਚ 2.1 ਲੱਖ ਤੋਂ ਵੱਧ ਸੜਕ ਹਾਦਸਿਆਂ ਵਿੱਚ ਲਗਭਗ 800,000 ਲੋਕਾਂ ਦੀ ਮੌਤ ਹੋਈ। ਇਹ ਅੰਕੜਾ ਸੱਚਮੁੱਚ ਚਿੰਤਾਜਨਕ ਹੈ, ਪਰ ਉਨ੍ਹਾਂ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੁੰਦੀਆਂ ਜਾਪਦੀਆਂ। ਜੇਕਰ ਟਾਲਣਯੋਗ ਸੜਕੀ ਖ਼ਤਰਿਆਂ ਦੇ ਨਤੀਜੇ ਵਜੋਂ ਜਾਨਾਂ ਜਾਂਦੀਆਂ ਹਨ, ਤਾਂ ਇਹ ਨਾਗਰਿਕਾਂ ਦੀ ਸੁਰੱਖਿਆ ਵਿੱਚ ਸਿਸਟਮ ਦੀ ਅਸਫਲਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਹਾਲ ਹੀ ਵਿੱਚ, ਇਹ ਦੇਖਿਆ ਗਿਆ ਹੈ ਕਿ ਗੈਰ-ਕਾਨੂੰਨੀ ਪਾਰਕਿੰਗ ਹਾਦਸਿਆਂ ਦਾ ਇੱਕ ਵੱਡਾ ਕਾਰਨ ਬਣ ਰਹੀ ਹੈ। ਰਾਸ਼ਟਰੀ ਰਾਜਮਾਰਗਾਂ 'ਤੇ ਖਾਣ-ਪੀਣ ਦੀਆਂ ਦੁਕਾਨਾਂ ਦੀ ਵਧਦੀ ਗਿਣਤੀ ਵੀ ਇਸ ਸਥਿਤੀ ਵਿੱਚ ਯੋਗਦਾਨ ਪਾ ਰਹੀ ਹੈ, ਜਿੱਥੇ ਵਾਹਨ ਸੜਕ 'ਤੇ ਬੇਤਰਤੀਬ ਢੰਗ ਨਾਲ ਪਾਰਕ ਕੀਤੇ ਜਾਂਦੇ ਹਨ। ਸਬੰਧਤ ਅਧਿਕਾਰੀ ਅਕਸਰ ਜੋਖਮ ਮੁਲਾਂਕਣ ਕੀਤੇ ਬਿਨਾਂ ਅਜਿਹੇ ਖਾਣ-ਪੀਣ ਵਾਲੀਆਂ ਥਾਵਾਂ ਨੂੰ ਇਜਾਜ਼ਤ ਦੇ ਦਿੰਦੇ ਹਨ। ਇਸ ਦੇ ਮੱਦੇਨਜ਼ਰ, ਸੁਪਰੀਮ ਕੋਰਟ ਨੇ ਆਪਣੇ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਹੈ ਕਿ ਸਬੰਧਤ ਅਧਿਕਾਰੀਆਂ ਅਤੇ ਰੈਗੂਲੇਟਰੀ ਏਜੰਸੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਾਹਨ ਰਾਸ਼ਟਰੀ ਰਾਜਮਾਰਗਾਂ 'ਤੇ ਨਿਰਧਾਰਤ ਸਥਾਨਾਂ ਨੂੰ ਛੱਡ ਕੇ ਕਿਤੇ ਵੀ ਪਾਰਕ ਨਾ ਕੀਤੇ ਜਾਣ ਜਾਂ ਨਾ ਰੋਕੇ ਜਾਣ। ਨਿਯਮਾਂ ਅਨੁਸਾਰ, ਰਾਸ਼ਟਰੀ ਰਾਜਮਾਰਗਾਂ 'ਤੇ ਨਿਯਮਤ ਟਰੈਫਿਕ ਪੁਲਿਸ ਗਸ਼ਤ ਦੀ ਲੋੜ ਹੁੰਦੀ ਹੈ, ਪਰ ਕਈ ਪੱਧਰਾਂ 'ਤੇ ਲਾਪਰਵਾਹੀ ਸਪੱਸ਼ਟ ਹੈ। ਇਸ ਤੋਂ ਇਲਾਵਾ, ਤੇਜ਼ ਰਫ਼ਤਾਰ ਵਾਹਨ, ਸੜਕ ਨਿਰਮਾਣ ਵਿੱਚ ਤਕਨੀਕੀ ਨੁਕਸ ਅਤੇ ਸੰਕੇਤਾਂ ਦੀ ਘਾਟ ਅਤੇ ਅਸਪੱਸ਼ਟਤਾ ਵੀ ਹਾਦਸਿਆਂ ਵਿੱਚ ਯੋਗਦਾਨ ਪਾਉਂਦੀ ਹੈ। ਇਨ੍ਹਾਂ ਪ੍ਰਣਾਲੀਆਂ ਦੀ ਨਿਗਰਾਨੀ ਲਈ ਉੱਨਤ ਟਰੈਫਿਕ ਪ੍ਰਬੰਧਨ ਪ੍ਰਣਾਲੀਆਂ ਦੀ ਵਰਤੋਂ ਵੀ ਬਹੁਤ ਘੱਟ ਦਿਖਾਈ ਦਿੰਦੀ ਹੈ। ਹਾਲਾਂਕਿ, ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੇ ਉਮੀਦ ਜਗਾਈ ਹੈ ਕਿ ਦੇਸ਼ ਭਰ ਵਿੱਚ ਟਰੈਫਿਕ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਅਤੇ ਸੜਕ ਹਾਦਸੇ ਘਟਣਗੇ।

-ਜਗਜੀਤ ਸਿੰਘ ਦਰਦੀ

# ਕੀ ਭਵਿੱਖ ਵਿੱਚ ਕੈਨੇਡਾ ਦੇ ਦਰਵਾਜ਼ੇ ਪੰਜਾਬੀਆਂ ਲਈ ਬੰਦ ਹੋ ਜਾਣਗੇ ?

## ਕੈਨੇਡਾ ਦੀ ਨਵੀਂ ਪ੍ਰਵਾਸ ਨੀਤੀ ਅਤੇ ਪੰਜਾਬੀਆਂ ਲਈ ਸੰਕਟ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੀ ਕੈਨੇਡਾ ਸਰਕਾਰ ਨੇ ਪੰਜਾਬੀਆਂ ਲਈ ਦਰਵਾਜ਼ੇ ਹੁਣ ਪੱਕੇ ਬੰਦ ਕਰ ਦਿੱਤੇ ਹਨ। ਪੰਜਾਬੀਆਂ ਲਈ ਅੱਜ ਸੰਕਟ ਦੀ ਘੜੀ ਹੈ, 30,000 ਪੰਜਾਬੀਆਂ ਨੂੰ ਵਾਪਸੀ ਦਾ ਨੋਟਿਸ ਦਿੱਤਾ ਜਾ ਚੁੱਕਾ ਹੈ ਕੀ ਹੁਣ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਹੋ ਗਏ ਹਨ ਜਾਂ ਸਿਰਫ਼ ਐਸਾਈਲਮ ਵਾਲਾ ਰਾਹ? ਅੱਜ ਕੈਨੇਡਾ ਜੋ ਪਿਛਲੇ ਦਹਾਕਿਆਂ ਤੋਂ ਪੰਜਾਬੀ ਯੁਵਕਾਂ ਲਈ "ਸੁਪਨਿਆਂ ਦਾ ਦੇਸ਼" ਬਣਿਆ ਹੋਇਆ ਸੀ, ਉਸ ਦੀ ਨਵੀਂ ਇਮੀਗ੍ਰੇਸ਼ਨ ਅਤੇ ਐਸਾਈਲਮ ਨੀਤੀ ਨੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਵਿੱਚ ਡੂੰਘੀ ਬੇਚੈਨੀ ਪੈਦਾ ਕਰ ਦਿੱਤੀ ਹੈ। ਮਾਰਚ 2026 ਵਿੱਚ ਰਾਇਲ ਅਸੈਂਟ ਪ੍ਰਾਪਤ ਹੋਏ Bill C-AB (Strengthening Canadas Immigration System and Borders Act) ਨੇ ਐਸਾਈਲਮ ਦੀਆਂ ਯੋਗਤਾਵਾਂ ਵਿੱਚ ਸਖ਼ਤੀ ਲਿਆਂਦੀ ਹੈ। ਇਸ ਤਹਿਤ ਲਗਭਗ 30,000 ਐਸਾਈਲਮ ਕਲੇਮਾਂ (ਜਿਨ੍ਹਾਂ ਵਿੱਚੋਂ ਬਹੁਤੀ ਗਿਣਤੀ ਪੰਜਾਬੀਆਂ ਦੀ ਹੈ) ਨੂੰ ਰਿਫਿਊਜੀ ਬੋਰਡ (IRB) ਵਿਖੇ ਪੂਰੀ ਸੁਣਵਾਈ ਲਈ ਰੈਫਰ ਨਾ ਕਰਨ ਦਾ ਫੈਸਲਾ ਲਿਆ ਗਿਆ ਹੈ। ਅੱਜ ਖਾਸ ਤੌਰ 'ਤੇ ਉਹ ਲੋਕ ਜਿਨ੍ਹਾਂ ਨੇ "ਪ੍ਰੈਕਟੀਕਲ ਅਸਾਈਲਮ" ਰਾਹੀਂ ਲੰਬੇ ਸਮੇਂ ਤੱਕ ਰਹਿਣ ਲਈ ਕੇਸ ਲਗਾਏ ਸਨ, ਉਨ੍ਹਾਂ ਲਈ ਰਾਹ ਲਗਭਗ ਬੰਦ ਹੋ ਗਏ ਹਨ। ਪਰ ਸਵਾਲ ਇਹ ਹੈ ਕਿ ਕੀ ਕੈਨੇਡਾ ਦੇ ਸਾਰੇ ਦਰਵਾਜ਼ੇ ਪੰਜਾਬੀਆਂ ਲਈ ਪੂਰੀ ਤਰ੍ਹਾਂ ਬੰਦ ਹੋ ਗਏ ਹਨ? ਜਵਾਬ ਨਾ ਹੈ। ਐਸਾਈਲਮ ਵਾਲਾ ਆਸਾਨ ਰਾਹ ਲਗਭਗ ਬੰਦ ਹੋ ਗਿਆ ਹੈ, ਪਰ ਸਕਿੱਲਡ ਇਮੀਗ੍ਰੇਸ਼ਨ, ਐਕਸਪ੍ਰੈੱਸ ਐਂਟਰੀ, ਪੀਐੱਨਪੀ, ਫੈਮਿਲੀ ਸਪਾਂਸਰਸ਼ਿਪ ਅਤੇ ਬਿਜ਼ਨਸ ਇਮੀਗ੍ਰੇਸ਼ਨ ਵਾਲੇ ਰਾਹ ਅਜੇ ਵੀ ਖੁੱਲ੍ਹੇ ਹਨ—ਹਾਲਾਂਕਿ ਉਨ੍ਹਾਂ ਵਿੱਚ ਵੀ ਸਖ਼ਤੀ ਵੱਧ ਰਹੀ ਹੈ।

ਹੁਣ ਇਸ ਬਿਲ C-AB ਦੀਆਂ ਤਬਦੀਲੀਆਂ, ਪੰਜਾਬੀਆਂ ਉੱਤੇ ਉਨ੍ਹਾਂ ਦਾ ਸਿੱਧਾ ਅਸਰ, ਪੰਜਾਬ ਦੀ ਆਰਥਿਕਤਾ, ਸਮਾਜਿਕ ਢਾਂਚੇ ਅਤੇ ਰਾਜਨੀਤੀ ਉੱਤੇ ਪੈਣ ਵਾਲੇ ਡੂੰਘੇ ਪ੍ਰਭਾਵ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਬਿਲ C-AB: ਨਵੀਆਂ ਤਬਦੀਲੀਆਂ ਅਤੇ ਉਨ੍ਹਾਂ ਦਾ ਮਤਲਬ ਬਿਲ C-AB ਨੇ ਕੈਨੇਡਾ ਦੀ ਇਮੀਗ੍ਰੇਸ਼ਨ ਅਤੇ ਐਸਾਈਲਮ ਸਿਸਟਮ ਨੂੰ ਚਾਰ ਮੁੱਖ ਖੇਤਰਾਂ ਵਿੱਚ ਮਜ਼ਬੂਤ ਕੀਤਾ ਹੈ। ਐਸਾਈਲਮ ਲਈ ਨਵੀਆਂ ਯੋਗਤਾਵਾਂ: ਜੂਨ 2020 ਤੋਂ ਬਾਅਦ ਕੈਨੇਡਾ ਆਏ ਵਿਅਕਤੀ ਜੇਕਰ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਐਸਾਈਲਮ ਕਲੇਮ ਕਰਦਾ ਹੈ ਤਾਂ ਉਸ ਨੂੰ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ (IRB) ਵਿਖੇ ਪੂਰੀ ਸੁਣਵਾਈ ਲਈ ਰੈਫਰ ਨਹੀਂ ਕੀਤਾ ਜਾਵੇਗਾ। ਇਹ ਬਦਲਾਅ ਰੈਟਰੋਐਕਟਿਵ ਤੌਰ 'ਤੇ ਲਾਗੂ ਹੈ। ਅਨਿਯਮਿਤ ਬਾਰਡਰ ਕ੍ਰਾਸਿੰਗ ਲਈ 14 ਦਿਨਾਂ ਦੀ ਸੀਮਾ ਅਮਰੀਕਾ-ਕੈਨੇਡਾ ਲੈਂਡ ਬਾਰਡਰ ਤੋਂ ਅਨਿਯਮਿਤ ਤਰੀਕੇ ਨਾਲ ਆਉਣ ਵਾਲਿਆਂ ਨੂੰ 14 ਦਿਨਾਂ ਵਿੱਚ ਐਸਾਈਲਮ ਕਲੇਮ ਕਰਨਾ ਪਵੇਗਾ, ਨਹੀਂ ਤਾਂ ਕਲੇਮ ਯੋਗ ਨਹੀਂ ਮੰਨਿਆ ਜਾਵੇਗਾ। ਤੇਜ਼ ਪ੍ਰੋਸੈਸਿੰਗ ਅਤੇ ਅਪੀਲਾਂ ਘਟਾਉਣ: ਬੈਕਲਾਗ ਘਟਾਉਣ ਲਈ ਤੇਜ਼ ਪ੍ਰੋਸੈਸਿੰਗ ਅਤੇ ਸੀਮਤ ਅਪੀਲਾਂ ਦਾ ਪ੍ਰਬੰਧ। ਸਰਕਾਰ ਨੂੰ ਵਧੇਰੇ ਅਧਿਕਾਰ: ਫਰਜ਼ੀ ਡਾਕੂਮੈਂਟਸ ਰੱਦ ਕਰਨ, ਇਨਫਰਮੇਸ਼ਨ ਸ਼ੇਅਰਿੰਗ ਵਧਾਉਣ ਅਤੇ ਐਮਰਜੈਂਸੀ ਵਿੱਚ ਐਪਲੀਕੇਸ਼ਨਾਂ ਰੋਕਣ ਦਾ ਹੱਕ। ਇਸ ਨਤੀਜੇ ਵਜੋਂ ਲਗਭਗ 30,000 ਐਸਾਈਲਮ ਕਲੇਮਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਲਗਭਗ 9,000 ਪੰਜਾਬੀ ਵਿਦਿਆਰਥੀ ਅਤੇ ਐਸਾਈਲਮ ਕਲੇਮੈਂਟ ਹਨ। ਇਸ ਤੋਂ ਪਹਿਲਾਂ ਐਸਾਈਲਮ ਕਲੇਮ ਲੰਬੇ ਸਮੇਂ ਤੱਕ ਚੱਲਦੇ ਸਨ ਅਤੇ ਇਸ ਦੌਰਾਨ ਵਰਕ ਪਰਮਿਟ ਜਾਂ ਸਟੱਡੀ ਪਰਮਿਟ ਰਾਹੀਂ ਰਹਿਣ ਦਾ ਮੌਕਾ ਮਿਲਦਾ ਸੀ।

ਹੁਣ ਇਹ "ਪ੍ਰੈਕਟੀਕਲ ਅਸਾਈਲਮ" ਵਾਲਾ ਰਾਹ ਲਗਭਗ ਬੰਦ ਹੋ ਗਿਆ ਹੈ। ਪੰਜਾਬੀਆਂ ਲਈ ਇਹ ਖਾਸ ਤੌਰ 'ਤੇ ਔਖਾ ਹੈ ਕਿਉਂਕਿ ਉਨ੍ਹਾਂ ਵਿੱਚੋਂ ਬਹੁਤੇ ਰਾਜਨੀਤਿਕ (ਖਾਲਿਸਤਾਨੀ ਗਤੀਵਿਧੀਆਂ ਨਾਲ ਜੁੜੀਆਂ), ਸੁਰੱਖਿਆ ਜਾਂ ਆਰਥਿਕ ਕਾਰਨਾਂ ਨੂੰ ਆਧਾਰ ਬਣਾ ਕੇ ਐਸਾਈਲਮ ਲੈਂਦੇ ਸਨ। 2025 ਵਿੱਚ ਭਾਰਤੀ ਨਾਗਰਿਕਾਂ ਨੇ ਲਗਭਗ 9,770 ਐਸਾਈਲਮ ਕਲੇਮ ਦਾਖਲ ਕੀਤੇ ਸਨ — ਜੋ ਕਿਸੇ ਵੀ ਹੋਰ ਦੇਸ਼ ਤੋਂ ਵੱਧ ਸਨ। ਇਨ੍ਹਾਂ ਵਿੱਚ ਬਹੁਤੀ ਗਿਣਤੀ ਪੰਜਾਬ ਤੋਂ ਸੀ। ਕੀ ਸਾਰੇ ਦਰਵਾਜ਼ੇ ਬੰਦ ਹੋ ਗਏ ਹਨ?

ਅੱਜ ਐਸਾਈਲਮ ਵਾਲਾ ਰਾਹ ਬਹੁਤ ਸਖ਼ਤ ਹੋ ਗਿਆ ਹੈ, ਪਰ ਹੋਰ ਰਾਹ ਅਜੇ ਵੀ ਮੌਜੂਦ ਹਨ। ਐਕਸਪ੍ਰੈੱਸ ਐਂਟਰੀ ਅਤੇ ਸਕਿੱਲਡ ਵਰਕਰ ਪ੍ਰੋਗਰਾਮ CRS ਸਕੋਰ ਉੱਚਾ ਹੋਣ ਵਾਲਿਆਂ ਲਈ ਅਜੇ ਵੀ ਮੌਕਾ ਹੈ। ਪ੍ਰੋਵਿੰਸ਼ੀਅਲ ਨਾਮੀਨੀ ਪ੍ਰੋਗਰਾਮ (PNP): ਪ੍ਰੋਵਿੰਸਾਂ ਆਪਣੀਆਂ ਲੋੜਾਂ ਅਨੁਸਾਰ ਨਾਮਜ਼ਦਗੀਆਂ ਕਰਦੀਆਂ ਹਨ। ਫੈਮਿਲੀ ਸਪਾਂਸਰਸ਼ਿਪ: ਪਹਿਲਾਂ ਤੋਂ ਸੈਟਲ ਹੋਏ ਰਿਸ਼ਤੇਦਾਰ ਸਪਾਂਸਰ ਕਰ ਸਕਦੇ ਹਨ। ਸਟੱਡੀ ਵੀਜ਼ਾ ਅਤੇ ਪੋਸਟ-ਗ੍ਰੈਜੂਏਟ ਵਰਕ ਪਰਮਿਟ ਇਸ ਵਿੱਚ ਵੀ ਸਖ਼ਤੀ ਵਧੀ ਹੈ, ਪਰ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ। ਬਿਜ਼ਨਸ ਇਮੀਗ੍ਰੇਸ਼ਨ ਅਤੇ ਸਟਾਰਟ-ਅੱਪ ਵੀਜ਼ਾ: ਇਨਵੈਸਟਰ ਅਤੇ ਐਂਟਰਪ੍ਰੇਨਿਉਰ ਲਈ ਰਾਹ ਖੁੱਲ੍ਹਾ ਹੈ। ਪਰ ਇਸ ਤੋਂ ਇਲਾਵਾ ਟੈਂਪਰੇਰੀ ਰੈਜ਼ੀਡੈਂਟ ਵੀਜ਼ਿਆਂ (ਸਟੱਡੀ ਅਤੇ ਵਰਕ) ਉੱਤੇ ਵੀ ਦਬਾਅ ਵਧ ਰਿਹਾ ਹੈ। ਕੈਨੇਡਾ ਆਪਣੀ ਟੈਂਪਰੇਰੀ ਰੈਜ਼ੀਡੈਂਟ ਪਾਪੂਲੇਸ਼ਨ ਨੂੰ 2026 ਤੱਕ ਆਪਣੀ ਆਬਾਦੀ ਦੇ 5 ਫੀਸਦੀ ਤੱਕ ਘਟਾਉਣਾ ਚਾਹੁੰਦਾ ਹੈ। ਇਸ ਨਾਲ ਵਿਦਿਆਰਥੀ ਵੀਜ਼ਿਆਂ ਅਤੇ ਵਰਕ ਪਰਮਿਟਾਂ ਵਿੱਚ ਵੀ ਸਖ਼ਤੀ ਵਧੀ ਹੈ।

ਅੱਜ ਪੰਜਾਬ ਉੱਤੇ ਆਰਥਿਕ ਪ੍ਰਭਾਵ ਰਿਮਿਟੈਂਸ, ਰੁਜ਼ਗਾਰ ਅਤੇ ਬ੍ਰੇਨ ਡਰੇਨ ਪੰਜਾਬ ਦੀ ਆਰਥਿਕਤਾ ਵਿੱਚ ਵਿਦੇਸ਼ੀ ਇਮੀਗ੍ਰੇਸ਼ਨ ਅਤੇ ਰਿਮਿਟੈਂਸ ਦਾ ਯੋਗਦਾਨ ਬਹੁਤ ਵੱਡਾ ਹੈ। ਕੈਨੇਡਾ ਵੱਲ ਜਾਣ ਵਾਲੇ ਯੁਵਕਾਂ ਦੀ ਗਿਣਤੀ ਵੱਡੀ ਹੈ। ਉਹ ਇੱਥੇ ਪੜ੍ਹਾਈ, ਨੌਕਰੀ ਜਾਂ ਐਸਾਈਲਮ ਰਾਹੀਂ ਰਹਿੰਦੇ ਹਨ ਅਤੇ ਘਰ ਭੇਜੀ ਰਿਮਿਟੈਂਸ ਪਰਿਵਾਰਾਂ ਦੀ ਆਰਥਿਕਤਾ ਨੂੰ ਚਲਾਉਂਦੀ ਹੈ। ਇਸ ਨਵੀਂ ਨੀਤੀ ਨਾਲ ਐਸਾਈਲਮ ਰਾਹ ਰੁਕਣ ਨਾਲ ਯੁਵਕਾਂ ਦੀਆਂ ਉਮੀਦਾਂ ਟੁੱਟ ਰਹੀਆਂ ਹਨ। ਬਹੁਤ ਸਾਰੇ ਪਰਿਵਾਰ ਖੇਤੀ ਜ਼ਮੀਨ ਵੇਚ ਕੇ ਜਾਂ ਕਰਜ਼ਾ ਲੈ ਕੇ ਬੱਚਿਆਂ ਨੂੰ ਕੈਨੇਡਾ ਭੇਜਦੇ ਸਨ। ਹੁਣ ਡਿਪੋਰਟੇਸ਼ਨ ਦਾ ਖਤਰਾ ਹੈ ਅਤੇ ਇਸ ਨਾਲ ਪਰਿਵਾਰਾਂ ਉੱਤੇ ਆਰਥਿਕ ਬੋਝ ਵਧ ਰਿਹਾ ਹੈ। ਰਿਮਿਟੈਂਸ ਵਿੱਚ ਕਮੀ ਨਾਲ ਖੇਤੀ, ਉਦਯੋਗ ਅਤੇ ਸਥਾਨਕ ਆਰਥਿਕਤਾ ਪ੍ਰਭਾਵਿਤ ਹੋਣਗੀਆਂ।

ਅੱਜ ਪੰਜਾਬ ਵਿੱਚ ਬੇਰੁਜ਼ਗਾਰੀ ਪਹਿਲਾਂ ਹੀ ਉੱਚੀ ਹੈ। ਖੇਤੀ ਸੰਕਟ, ਛੋਟੀਆਂ ਜ਼ਮੀਨਾਂ ਅਤੇ ਉਦਯੋਗਿਕ ਵਿਕਾਸ ਦੀ ਘਾਟ ਕਾਰਨ ਯੁਵਕ ਵਿਦੇਸ਼ ਭੱਜਣ ਵੱਲ ਰੁਖ ਕਰਦੇ ਸਨ। ਇਸ ਨੀਤੀ ਨਾਲ ਇਹ ਰਾਹ ਰੁਕਣ ਨਾਲ ਘਰ ਵਾਪਸ ਆਉਣ ਵਾਲੇ ਯੁਵਕਾਂ ਦੀ ਗਿਣਤੀ ਵਧ ਸਕਦੀ ਹੈ, ਜਿਸ ਨਾਲ ਸਥਾਨਕ ਰੁਜ਼ਗਾਰ ਬਾਜ਼ਾਰ ਉੱਤੇ ਵਧੇਰੇ ਦਬਾਅ ਪਵੇਗਾ ਅਤੇ ਬ੍ਰੇਨ ਡਰੇਨ ਵਧੇਗਾ। ਯੁਵਕਾਂ ਦੀ ਵਿਦੇਸ਼ ਵਾਪਸੀ ਨਾਲ ਸੂਬੇ ਦੀ ਭਵਿੱਖੀ ਤਾਕਤ ਘਟੇਗੀ।

ਸਮਾਜਿਕ ਪ੍ਰਭਾਵ: ਪਰਿਵਾਰਕ ਤਣਾਅ, ਮਾਨਸਿਕ ਸਿਹਤ ਅਤੇ ਸਮਾਜਿਕ ਬਦਲਾਅ ਸਮਾਜਿਕ ਪੱਧਰ 'ਤੇ ਇਸ ਨੀਤੀ ਦਾ ਅਸਰ ਬਹੁਤ ਡੂੰਘਾ ਹੈ। ਬਹੁਤ ਸਾਰੇ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਕੈਨੇਡਾ ਭੇਜ ਕੇ "ਸੈਟਲ" ਹੋਣ ਦਾ ਸੁਪਨਾ ਵੇਖਦੇ ਸਨ।

ਹੁਣ ਉਨ੍ਹਾਂ ਨੂੰ ਡਿਪੋਰਟੇਸ਼ਨ ਨੋਟਿਸ ਮਿਲ ਰਹੇ ਹਨ, ਜਿਸ ਨਾਲ ਪਰਿਵਾਰਾਂ ਵਿੱਚ ਤਣਾਅ, ਉਦਾਸੀ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਵਧ ਰਹੀਆਂ ਹਨ। ਬਹੁਤੇ ਯੁਵਕ ਆਪਣੀਆਂ ਉਮੀਦਾਂ ਟੁੱਟਣ ਨਾਲ ਡਿਪ੍ਰੈਸ਼ਨ ਵਿੱਚ ਫਸ ਰਹੇ ਹਨ। ਪੰਜਾਬ ਵਿੱਚ ਨਸ਼ਿਆਂ ਦਾ ਸੰਕਟ ਪਹਿਲਾਂ ਹੀ ਗੰਭੀਰ ਹੈ। ਬੇਰੁਜ਼ਗਾਰੀ ਅਤੇ ਉਮੀਦਾਂ ਟੁੱਟਣ ਨਾਲ ਯੁਵਕਾਂ ਵਿੱਚ ਨਸ਼ਿਆਂ ਵੱਲ ਰੁਖ ਵਧ ਸਕਦਾ ਹੈ। ਇਸ ਤੋਂ ਇਲਾਵਾ, ਵਿਦੇਸ਼ ਵਾਪਸੀ ਵਾਲੇ ਯੁਵਕਾਂ ਨੂੰ ਸਮਾਜ ਵਿੱਚ "ਫੇਲ੍ਹ" ਵਜੋਂ ਵੇਖਿਆ ਜਾਣ ਲੱਗਿਆ ਹੈ, ਜਿਸ ਨਾਲ ਉਨ੍ਹਾਂ ਦਾ ਆਤਮ ਸਨਮਾਨ ਵੀ ਘੱਟ ਰਿਹਾ ਹੈ।

ਅੱਜ ਔਰਤਾਂ ਅਤੇ ਬੱਚਿਆਂ ਉੱਤੇ ਵੀ ਅਸਰ ਹੈ। ਬਹੁਤੇ ਪਰਿਵਾਰ ਬੱਚਿਆਂ ਨੂੰ ਭੇਜ ਕੇ ਘਰ ਚਲਾਉਂਦੇ ਸਨ। ਹੁਣ ਉਹ ਘਰ ਵਾਪਸ ਆਉਣ ਤੋਂ ਬਾਅਦ ਪਰਿਵਾਰਕ ਤਣਾਅ ਵਧਾਉਣਗੇ। ਇਸ ਨਾਲ ਲਿੰਗ ਅਤੇ ਪਰਿਵਾਰਕ ਰਿਸ਼ਤਿਆਂ ਉੱਤੇ ਵੀ ਅਸਰ ਪਵੇਗਾ। ਰਾਜਨੀਤਿਕ ਪ੍ਰਭਾਵ: ਡਾਇਸਪੋਰਾ, ਪੰਜਾਬ ਰਾਜਨੀਤੀ ਅਤੇ ਭਾਰਤ-ਕੈਨੇਡਾ ਰਿਸ਼ਤੇ ਰਾਜਨੀਤਿਕ ਪੱਧਰ 'ਤੇ ਇਸ ਨੀਤੀ ਨੇ ਪੰਜਾਬ ਵਿੱਚ ਰਾਜਨੀਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪੰਜਾਬੀ ਡਾਇਸਪੋਰਾ (ਖਾਸ ਕਰਕੇ ਕੈਨੇਡਾ ਵਿੱਚ) ਭਾਜਪਾ, ਅਕਾਲੀ ਦਲ, ਆਪ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਲਈ ਵੋਟ ਬੈਂਕ ਅਤੇ ਫੰਡਿੰਗ ਦਾ ਸਰੋਤ ਹੈ। ਐਸਾਈਲਮ ਰਾਹ ਬੰਦ ਹੋਣ ਨਾਲ ਡਾਇਸਪੋਰਾ ਵਿੱਚ ਅਸੰਤੋਸ਼ ਵਧ ਰਿਹਾ ਹੈ ਅਤੇ ਉਹ ਆਪਣੀਆਂ ਪਾਰਟੀਆਂ ਤੋਂ ਉਮੀਦਾਂ ਰੱਖ ਰਹੀਆਂ ਹਨ ਕਿ ਉਹ ਇਸ ਮੁੱਦੇ ਉੱਤੇ ਭਾਰਤ ਸਰਕਾਰ ਨਾਲ ਗੱਲਬਾਤ ਕਰਨ।

ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਇਸ ਨੂੰ ਆਪਣੇ ਫਾਇਦੇ ਲਈ ਵਰਤ ਰਹੀਆਂ ਹਨ। ਉਨ੍ਹਾਂ ਵੱਲੋਂ "ਕੈਨੇਡਾ ਨੀਤੀ ਭਾਰਤ ਵਿਰੋਧੀ ਹੈ" ਵਰਗੇ ਨੈਰੇਟਿਵ ਚਲਾਏ ਜਾ ਰਹੇ ਹਨ। ਇਸ ਨਾਲ ਖਾਲਿਸਤਾਨੀ ਗਤੀਵਿਧੀਆਂ ਨਾਲ ਜੁੜੀ ਚਰਚਾ ਵੀ ਤੇਜ਼ ਹੋਈ ਹੈ। ਕੈਨੇਡੀਅਨ ਅਦਾਲਤਾਂ ਪਹਿਲਾਂ ਹੀ ਖਾਲਿਸਤਾਨ ਨਾਲ ਜੁੜੇ ਐਸਾਈਲਮ ਕਲੇਮਾਂ ਨੂੰ ਰਿਜੈਕਟ ਕਰ ਰਹੀਆਂ ਸਨ ਅਤੇ ਉਨ੍ਹਾਂ ਨੂੰ "ਡਿਸਇਜ਼ੀਨੀਅਸ" ਦੱਸ ਰਹੀਆਂ ਸਨ।

ਅੱਜ ਇਸ ਨੀਤੀ ਨਾਲ ਇਹ ਰੁਝਾਨ ਹੋਰ ਮਜ਼ਬੂਤ ਹੋਵੇਗਾ। ਭਾਰਤ-ਕੈਨੇਡਾ ਰਿਸ਼ਤਿਆਂ ਉੱਤੇ ਵੀ ਅਸਰ ਪਿਆ ਹੈ। ਭਾਰਤ ਵੱਲੋਂ ਖਾਲਿਸਤਾਨੀ ਗਤੀਵਿਧੀਆਂ ਉੱਤੇ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ ਅਤੇ ਕੈਨੇਡਾ ਇਸ ਨੂੰ ਆਪਣੀ ਇਮੀਗ੍ਰੇਸ਼ਨ ਸਿਸਟਮ ਦੀ ਇੱਕਰੂਪਤਾ ਲਈ ਇੱਕ ਕਦਮ ਵਜੋਂ ਵੇਖ ਰਿਹਾ ਹੈ। ਇਸ ਨਾਲ ਡਾਇਸਪੋਰਾ ਵਿੱਚ ਵੰਡ ਵਧ ਸਕਦੀ ਹੈ। ਆਉਣ ਵਾਲੇ ਦਿਨਾਂ ਵਿੱਚ ਸੰਭਾਵਿਤ ਚੁਣੌਤੀਆਂ ਅਤੇ ਰਾਹ ਇਸ ਨੀਤੀ ਨਾਲ ਪੰਜਾਬ ਵਿੱਚ ਵਧਦਾ ਮਾਈਗ੍ਰੇਸ਼ਨ ਘਟ ਸਕਦਾ ਹੈ — ਯੁਵਕ ਘਰ ਵਾਪਸ ਆਉਣਗੇ ਅਤੇ ਉਨ੍ਹਾਂ ਨੂੰ ਰੁਜ਼ਗਾਰ ਅਤੇ ਸਮਾਜਿਕ ਏਕੀਕਰਨ ਦੀ ਲੋੜ ਪਵੇਗੀ। ਸਰਕਾਰਾਂ ਨੂੰ ਇਸ ਲਈ ਯੋਜਨਾਵਾਂ ਬਣਾਉਣੀਆਂ ਪੈਣਗੀਆਂ — ਸਕਿੱਲ ਡਿਵੈਲਪਮੈਂਟ, ਖੇਤੀ ਵਿਭਿੰਨਤਾ ਅਤੇ ਉਦਯੋਗਿਕ ਵਿਕਾਸ ਰਾਹੀਂ ਰੁਜ਼ਗਾਰ ਪੈਦਾ ਕਰਨਾ। ਪੰਜਾਬੀ ਡਾਇਸਪੋਰਾ ਨੂੰ ਵੀ ਆਪਣੀ ਰਣਨੀਤੀ ਬਦਲਣੀ ਪਵੇਗੀ — ਐਸਾਈਲਮ ਤੋਂ ਬਿਨਾਂ ਸਕਿੱਲਡ ਇਮੀਗ੍ਰੇਸ਼ਨ, ਐਕਸਪ੍ਰੈੱਸ ਐਂਟਰੀ ਅਤੇ ਬਿਜ਼ਨਸ ਇਮੀਗ੍ਰੇਸ਼ਨ ਉੱਤੇ ਧਿਆਨ ਦੇਣਾ ਪਵੇਗਾ। ਅੱਜ ਇਹ ਨੀਤੀ ਪੰਜਾਬ ਲਈ ਇੱਕ ਚੇਤਾਵਨੀ ਵੀ ਹੈ। ਇਸ ਨੇ ਯੁਵਕਾਂ ਨੂੰ ਆਪਣੇ ਸੂਬੇ ਵਿੱਚ ਰੁਜ਼ਗਾਰ ਅਤੇ ਵਿਕਾਸ ਲਈ ਲੜਨ ਲਈ ਮਜਬੂਰ ਕੀਤਾ ਹੈ। ਜੇਕਰ ਪੰਜਾਬ ਸਰਕਾਰ ਅਤੇ ਸਮਾਜ ਇਸ ਮੌਕੇ ਨੂੰ ਵਰਤ ਕੇ ਅੰਦਰੂਨੀ ਤਬਦੀਲੀ ਲਿਆਉਂਦਾ ਹੈ ਤਾਂ ਇਹ ਸੰਕਟ ਇੱਕ ਮੌਕਾ ਵੀ ਬਣ ਸਕਦਾ ਹੈ। ਨਹੀਂ ਤਾਂ ਯੁਵਕਾਂ ਦੀਆਂ ਉਮੀਦਾਂ ਟੁੱਟਣ ਨਾਲ ਸਮਾਜਿਕ ਅਸਥਿਰਤਾ ਵਧ ਸਕਦੀ ਹੈ। ਪੰਜਾਬੀਆਂ ਲਈ ਕੈਨੇਡਾ ਦਾ ਦਰਵਾਜ਼ਾ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ, ਪਰ ਐਸਾਈਲਮ ਵਾਲਾ ਆਸਾਨ ਰਾਹ ਲਗਭਗ ਬੰਦ ਹੋ ਗਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਘਰ ਵਿੱਚ ਹੀ ਇੱਕ ਵਧੀਆ ਭਵਿੱਖ ਰਚੀਏ — ਨਸ਼ਾ ਮੁਕਤ, ਰੁਜ਼ਗਾਰਪੂਰਣ ਅਤੇ ਆਤਮਨਿਰਭਰ ਪੰਜਾਬ ਬਣਾਈਏ। ਇਸ ਲਈ ਰਾਜਨੀਤੀ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਇੱਕਜੁੱਟ ਹੋਣਾ ਪਵੇਗਾ।

# ਅਕਾਲੀ ਇਸ ਵਾਰ ਨਹੀਂ ਤਾਂ ਕਦੇ ਵੀ ਨਹੀਂ !



ਕਮਲਜੀਤ ਸਿੰਘ ਬਨਵੈਤ
98147 34035

- ਅਕਾਲੀ ਦਲ ਵਾਰਿਸ ਪੰਜਾਬ ਤੇ ਅਕਾਲੀ ਦਲ ਪੁਨਰ ਸੁਰਜੀਤ ਦਾ ਗੱਠਜੋੜ ਬਣੇਗਾ ਸੁਖਬੀਰ ਸਿੰਘ ਬਾਦਲ ਲਈ ਸਭ ਤੋਂ ਵੱਡੀ ਚੁਣੌਤੀ
- ਅਕਾਲੀ ਦਲ 10 ਸਾਲਾਂ ਤੋਂ ਸੱਤਾ ਤੋਂ ਦੂਰ, ਇਸ ਵਾਰ ਵੀ ਗੱਲ ਨਾ ਬਣੀ, ਤਾਂ ਮੁੜ ਉਮੀਦ ਰੱਖਣ ਦੀ ਨਹੀਂ ਹੋਵੇਗੀ ਕੋਈ ਤੁੱਕ
- ਆਮ ਆਦਮੀ ਪਾਰਟੀ ਹਾਰ ਜਾਂਦੀ ਹੈ ਤਾਂ ਨਹੀਂ ਰਹੇਗੀ, ਘਰ ਦੀ ਨਾ ਘਾਟ ਦੀ, ਪਹਿਲਾਂ ਹੀ ਗੁਆ ਚੁੱਕੀ ਹੈ ਦਿੱਲੀ
- ਕਾਂਗਰਸ ਵੀ ਜੇ ਇਸ ਵਾਰ ਨਹੀਂ ਤਾਂ ਦੁਬਾਰਾ ਪੈਰ ਲੱਗਣੇ ਹੋਣਗੇ ਔਖੇ, ਭਾਜਪਾ ਜੋ ਖੱਟੂ ਲਾਹੇ ਦਾ

ਅਗਲੇ ਸਾਲ ਨੂੰ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਇੱਕ ਨਵਾਂ ਇਤਿਹਾਸ ਰਚਣਗੀਆਂ। ਸ਼੍ਰੋਮਣੀ ਅਕਾਲੀ ਦਲ ਇਸ ਵਾਰ ਨਹੀਂ ਤਾਂ ਸਮਝੋ ਕਦੇ ਵੀ ਨਹੀਂ। ਹਾਲ ਪੰਜਾਬ ਕਾਂਗਰਸ ਦਾ ਵੀ ਇਹੋ ਹੋਣਾ ਹੈ। ਆਮ ਆਦਮੀ ਪਾਰਟੀ ਹਾਰ ਜਾਂਦੀ ਹੈ ਤਾਂ ਹੈ ਮੁਲਕ ਦੇ ਕਿਸੇ ਸੂਬੇ ਵਿੱਚ ਵੀ ਸਰਕਾਰ ਨਹੀਂ ਰਹਿਣੀ। ਆਪ ਪਹਿਲਾਂ ਦਿੱਲੀ ਗਵਾ ਚੁੱਕੀ ਹੈ ਭਾਰਤੀ ਜਨਤਾ ਪਾਰਟੀ ਜਿੰਨਾ ਵੀ ਉੱਪਰ ਜਾਂਦੀ ਹੈ ਸਾਰੀ ਉਸਦੀ ਪ੍ਰਾਪਤੀ ਹੋਵੇਗੀ। ਕਾਂਗਰਸ, ਆਪ ਅਤੇ ਭਾਜਪਾ ਤਿੰਨੋਂ ਕੌਮੀ ਪਾਰਟੀਆਂ ਹਨ। ਸ਼੍ਰੋਮਣੀ ਅਕਾਲੀ ਦਲ/ਅਕਾਲੀ ਦਲ ਵਾਰਿਸ ਪੰਜਾਬ ਦੀਆਂ ਦੋਵੇਂ ਖੇਤਰੀ ਪਾਰਟੀਆਂ ਹਨ। ਇਹਨਾਂ ਦੀ ਸਲਤਨਤ ਵੀ ਪੰਜਾਬ ਤੱਕ ਹੀ ਸੀਮਤ ਹੈ। ਉਂਝ ਲੋਕ ਪੰਜਾਬ ਦੀ ਸਤਾ ਖੇਤਰੀ ਪਾਰਟੀ ਦੇ ਹੱਥ ਵਿੱਚ ਦੇਣ ਦੀ ਇੱਛਾ ਰੱਖਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬ ਅੰਦਰ ਧੜਾ ਧੜ 40 ਰੈਲੀਆਂ ਹੋਈਆਂ ਹਨ। ਇਹਨਾਂ ਰੈਲੀਆਂ ਨੂੰ ਤਕੜਾ ਹੁੰਗਾਰਾ ਮਿਲਦਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਰੈਲੀਆਂ ਵਿੱਚ ਇਵੇਂ ਵਿਚਰਦੇ ਰਹੇ ਹਨ ਜਿਵੇਂ ਉਹ ਸਮਝਦੇ ਹੋਣ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦੀ ਕੁਰਸੀ ਵੱਟ 'ਤੇ ਪੱਕੀ ਪਈ ਹੈ। ਇਹਨਾਂ ਰੈਲੀਆਂ ਵਿੱਚ ਜਿੱਥੇ ਆਪਣੇ ਬਾਪ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੇ ਵਿਕਾਸ ਦੇ ਕੰਮਾਂ ਦਾ ਗੁਣਗਾਣ ਕੀਤਾ ਜਾਂਦਾ ਰਿਹਾ, ਉੱਥੇ ਭਾਸ਼ਾ ਉਲਾਂਭੇ ਖੱਟੇ ਹਨ।

ਰੈਲੀਆਂ ਨੂੰ ਮਿਲੇ ਹੁੰਗਾਰੇ ਤੋਂ ਬਾਅਦ ਉਹ ਇੱਕ ਤਰ੍ਹਾਂ ਨਾਲ ਆਪਣੇ ਆਪ ਨੂੰ ਜੇਤੂ ਸਮਝ ਕੇ ਟਿੱਕ ਬੈਠੇ ਹਨ। ਸ਼੍ਰੋਮਣੀ ਅਕਾਲੀ ਦਲ ਚੋਂ ਅੱਡ ਹੋਈ ਉਹਨਾਂ ਨੇ ਪੁਨਰ ਸੁਰਜੀਤ ਅਕਾਲੀ ਦਲ ਦੇ ਕਈ ਲੀਡਰਾਂ ਵੱਲੋਂ ਪਾਰਟੀ ਵਿੱਚ ਮੁੜ ਸ਼ਾਮਿਲ ਹੋਣ ਦੀਆਂ ਸੂਹਾਂ ਮਿਲਣ ਤੋਂ ਬਾਅਦ ਉਸ ਸਟੇਜਾਂ ਤੋਂ ਕਹਿਣ ਲੱਗ ਪਏ ਸਨ ਕਿ ਘਰ ਛੱਡ ਕੇ ਗਏ ਵਾਪਸ ਆ ਦਰਵਾਜ਼ਾ ਖੜਕਾਉਣ ਲੱਗੇ ਹਨ ਅਤੇ ਮੈਂ ਧੱਕੇ ਮਾਰ ਮਾਰ ਕੇ ਬਾਹਰ ਨੂੰ ਕੱਢ ਰਿਹਾ ਹਾਂ। ਹੁਣ ਪੁਨਰ ਸੁਰਜੀਤ ਅਕਾਲੀ ਦਲ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸਿਆਸੀ ਗੱਠਜੋੜ ਨੇੜੇ ਹੁੰਦਿਆਂ ਦੇਖ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਸੁਖਬੀਰ ਸਿੰਘ ਬਾਦਲ ਨੂੰ ਆਪ, ਕਾਂਗਰਸ ਜਾਂ ਭਾਜਪਾ ਨਾਲੋਂ ਪੰਥਕ ਗੱਠਜੋੜ ਤੋਂ ਵੱਧ ਖ਼ਤਰਾ ਹੈ। ਵਾਰਿਸ ਪੰਜਾਬ ਦੇ ਅਤੇ ਪੁਨਰ ਸੁਰਜੀਤ ਅਕਾਲੀ ਦਲ ਹੱਥ ਜੋੜ ਵਿੱਚ ਦੂਜੀਆਂ ਪੰਥਕ ਧਿਰਾਂ ਵੀ ਸ਼ਾਮਿਲ ਹੋ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਪੰਥਕ ਧਿਰਾਂ ਦੀ ਲੜਾਈ ਗਹਿਗੱਚ ਤੋਂ ਵੀ ਅੱਗਲਾ ਰੂਪ ਧਾਰਨ ਕਰ ਸਕਦੀ ਹੈ।

ਉੱਪਰੋਂ ਸੁਖਬੀਰ ਸਿੰਘ ਬਾਦਲ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਫਸੀਲ ਤੋਂ ਦਸੰਬਰ ਨੂੰ ਜਾਰੀ ਕੀਤੇ ਹੁਕਮਨਾਮੇ ਨੂੰ ਉਹਨਾਂ ਦੇ ਖ਼ਿਲਾਫ਼ ਇੱਕ ਸਾਜ਼ਿਸ਼ ਕਹਿ ਕੇ ਆਪਣਾ ਵਿਰੋਧ ਮੁੜ ਤੋਂ ਸਹੇੜ ਬੈਠੇ ਹਨ। ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤ ਕਰਨ ਦਾ ਫ਼ੈਸਲਾ ਲਿਆ ਹੈ। ਸੁਖਬੀਰ ਸਿੰਘ ਬਾਦਲ ਨੇ ਦੋ ਦਸੰਬਰ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਮੂਹਰੇ ਗਲ ਵਿੱਚ ਪੱਲਾ ਪਾ ਕੇ ਸਾਰੇ ਗੁਨਾਹ ਕਬੂਲ ਕੀਤੇ ਸਨ ਪਰ ਬਾਅਦ ਵਿੱਚ ਉਹ ਆਨੇ ਬਹਾਨੇ ਪਿੱਠ ਦਿਖਾ ਗਏ। ਉਹਨਾਂ ਦਾ ਇਹ ਬਿਆਨ ਇੱਕ ਵੱਡੀ ਬਿਪਤਾ ਬਣ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਆਪਣੇ ਆਕਾ ਸੁਖਬੀਰ ਸਿੰਘ ਬਾਦਲ ਨੂੰ ਤਲਬ ਕਰਨ ਦਾ ਦਮ ਸ਼ਾਇਦ ਹੀ ਦਿਖਾਉਣ। ਜੇ ਤਲਬ ਕਰਨਾ ਕਿਸੇ ਹਾਲਤ ਵਿੱਚ ਮਜਬੂਰੀ ਬਣਦਾ ਹੈ ਤਾਂ ਉਹ ਉਹਨਾਂ ਕੋਲੋਂ ਸਪੱਸ਼ਟੀਕਰਨ ਲੈ ਕੇ ਬਾਅਦ ਵਿੱਚ ਉਸੇ ਤਰ੍ਹਾਂ ਆਪਣੀ ਸੰਤੁਸ਼ਟੀ ਜ਼ਾਹਿਰ ਕਰ ਸਕਦੇ ਹਨ, ਜਿਸ ਤਰ੍ਹਾਂ ਉਹਨਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਕਾਲਾ ਬੈਗ ਲੈ ਕੇ ਉਹਨਾਂ ਨੂੰ ਕਲੀਨ ਚੱਟ ਦੇ ਦਿੱਤੀ ਸੀ। ਪਰ ਕੁਝ ਵੀ ਹੋਵੇ ਸੰਗਤਾਂ ਦੇ ਮਨਾਂ ਨੂੰ ਠੇਸ ਜ਼ਰੂਰ ਪੁੱਜੀ ਹੈ। ਤਖ਼ਤ ਸਾਹਿਬਾਨਾਂ ਦੇ ਜਥੇਦਾਰ ਜਿਨ੍ਹਾਂ ਨੂੰ ਇੱਕ ਇੱਕ ਕਰਕੇ ਅਹੁਦੇ ਤੋਂ ਲਾਂਭੇ ਕੀਤਾ ਗਿਆ ਸੀ, ਇਹ ਉਹਨਾਂ ਉੱਤੇ ਇੱਕ ਵੱਖਰੀ ਤਰ੍ਹਾਂ ਦਾ ਹਮਲਾ ਹੈ।

ਸੁਖਬੀਰ ਸਿੰਘ ਬਾਦਲ ਕੋਲੇ ਪਾਰਟੀ ਦਾ ਮਜ਼ਬੂਤ ਕੇਡਰ ਹੈ। ਅਕਾਲੀ ਦਲ ਵਾਰਿਸ ਪੰਜਾਬ ਦੀ ਪਿੱਠ ਉੱਤੇ ਨੌਜਵਾਨ ਖੜ੍ਹਦੇ ਹਨ। ਵਾਰਿਸ ਪੰਜਾਬ ਦੇ ਬਾਨੀ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿਵੇਂ ਹੁੰਗਾਰਾ ਮਿਲਿਆ ਸੀ ਅਤੇ ਉਸ ਤੋਂ ਬਾਅਦ ਵੋਟਾਂ ਦੌਰਾਨ ਜਿਵੇਂ ਲੋਕਾਂ ਨੇ ਰਿਕਾਰਡ ਤੋੜ ਜਿੱਤ ਦਿੱਤੀ ਸੀ, ਉਸ ਤੋਂ ਲੱਗਦਾ ਹੈ ਕਿ ਉਹਨਾਂ ਦਾ ਜਲਵਾ ਅਜੇ ਫਿੱਕਾ ਨਹੀਂ ਪਿਆ ਹੈ। ਉਹ ਆਪ ਡਿਬਰੂਗੜ ਜੇਲ੍ਹ ਵਿੱਚ ਬੰਦ ਹਨ। ਉਹਨਾਂ ਦੇ ਪਿਤਾ ਬਾਪੂ ਤਰਸੇਮ ਸਿੰਘ ਪੰਥਕ ਧਿਰਾਂ ਦੀ ਅਗਵਾਈ ਕਰ ਰਹੇ ਹਨ। ਵਿਧਾਨ ਸਭਾ ਹਲਕਾ ਦਾਖਾ ਤੋਂ ਵਿਧਾਇਕ ਅਤੇ ਕਿਸੇ ਵੇਲੇ ਸੁਖਬੀਰ ਦੇ ਨੇੜੇ ਰਹੇ ਮਨਪ੍ਰੀਤ ਸਿੰਘ ਇਆਲੀ ਉਹਨਾਂ ਦੀ ਸੱਜੀ ਬਾਂਹ ਬਣ ਕੇ ਨਾਲ ਤੁਰ ਰਹੇ ਹਨ। ਪਤਾ ਲੱਗਾ ਹੈ ਕਿ ਪੰਥਕ ਧਿਰਾਂ ਦਾ ਆਪਸ ਵਿੱਚ ਰਲੇਵਾਂ ਨਹੀਂ ਹੋ ਰਿਹਾ ਸਗੋਂ ਸੀਟਾਂ ਦੀ ਵੰਡ ਨੂੰ ਲੈ ਕੇ ਸਮਝੌਤਾ ਹੋ ਰਿਹਾ ਹੈ। ਇਹ ਸੁਖਬੀਰ ਸਿੰਘ ਬਾਦਲ ਸਮੇਤ ਦੂਜੀਆਂ ਸਿਆਸੀ ਪਾਰਟੀਆਂ ਲਈ ਖ਼ਤਰੇ ਦੀ ਘੰਟੀ ਹੋ ਸਕਦੀ ਹੈ। ਭਾਈ ਅੰਮ੍ਰਿਤਪਾਲ ਸਿੰਘ ਦਾ ਤੀਜੀ ਵਾਰ ਐਨ ਐਸ ਏ ਵਧਾਇਆ ਨਹੀਂ ਗਿਆ ਹੈ ਪਰ ਪੰਜਾਬ ਸਰਕਾਰ ਉਹਨਾਂ ਨੂੰ ਹੋਰ ਕਿਸਮ ਵਿੱਚ ਡਿਬਰੂਗੜ ਜੇਲ੍ਹ ਅੰਦਰ ਬੰਦ ਰੱਖਣ ਦੀ ਤਾਕ ਵਿੱਚ ਹੈ। ਸਾਲ 1989 ਨੂੰ ਚੇਤਿਆਂ ਵਿੱਚੋਂ ਨਾ ਵਿਸਾਰੀਏ ਤਾਂ ਉਸ ਵੇਲੇ ਇੱਕ ਵਗੀ ਵੱਖਰੀ ਹਵਾ ਵੱਡੇ ਵੱਡੇ ਸਿਆਸੀ ਥੰਮਾਂ ਨੂੰ ਰੋੜ ਕੇ ਲੈ ਗਈ ਸੀ।

ਦੁੱਖ ਤਾਂ ਇਹ ਹੈ ਕਿ ਦੂਜੀਆਂ ਪਾਰਟੀਆਂ ਵੀ ਆਪੋ ਆਪਣੀ ਡਫਲੀ ਵਜਾ ਰਹੀਆਂ ਹਨ। ਕਿਸੇ ਨੂੰ ਨਾ ਪੰਜਾਬ ਦੀ ਚਿੰਤਾ ਹੈ ਅਤੇ ਨਾ ਹੀ ਪੰਜਾਬੀਆਂ ਦੀ। ਸੱਤਾ ਹਾਸਲ ਕਰਨ ਲਈ ਸਿਆਸੀ ਲੀਡਰ ਕਿਸੇ ਵੀ ਹੱਦ ਤੱਕ ਜਾਣ ਲਈ ਕਾਹਲੇ ਹਨ। ਇਹਨਾਂ ਨੂੰ ਕਦੇ ਬੰਦੇ ਵਿੱਚੋਂ ਵੋਟ ਦਿਸਦੀ ਹੈ ਤੇ ਕਦੇ ਬੰਦੇ ਵਿੱਚੋਂ ਪੈਸਾ। ਗੱਲ ਸਮੇਂ ਸਮੇਂ ਦੀ ਹੈ। ਜਦੋਂ ਬੰਦਾ ਵੋਟ ਅਤੇ ਪੈਸਾ ਬਣ ਕੇ ਰਹਿ ਜਾਵੇ ਤਾਂ ਫਿਰ ਕੀ ਬਣੂ ਦੇਸ਼ ਦਾ ਅੱਲਾ ਜਾਣੇ।

ਸ਼੍ਰੋਮਣੀ ਅਕਾਲੀ ਦਲ ਪਿਛਲੇ ਦਸ ਸਾਲਾਂ ਤੋਂ ਸੱਤਾ ਤੋਂ ਦੂਰ ਹੈ, ਇਸੇ ਕਰਕੇ ਸੁਖਬੀਰ ਸਿੰਘ ਬਾਦਲ ਤੇ ਉਹਨਾਂ ਦੇ ਸਾਥੀ ਬੇਸਬਰੇ ਨਜ਼ਰ ਆ ਰਹੇ ਹਨ। ਉਹਨਾਂ ਨੂੰ ਛੱਡ ਕੇ ਗਏ ਕਈ ਸਾਰੇ ਅਕਾਲੀ ਲੀਡਰ ਵੀ ਸੱਤਾ ਦੀ ਝਾਕ ਵਿੱਚ ਹੀ ਦੂਜੇ ਪਾਸੇ ਗਏ ਸਨ। ਹੁਣ ਜਦੋਂ ਉਹਨਾਂ ਨੂੰ ਸੁਖਬੀਰ ਦਾ ਪੱਲੜਾ ਭਾਰੀ ਹੁੰਦਾ ਦਿਸਿਆ ਤਾਂ ਉਹਨਾਂ ਨੇ ਮੁੜ ਪਿੱਛੇ ਨੂੰ ਮੋੜਾ ਕੱਟ ਲਿਆ ਸੀ ਪਰ ਪੰਥਕ ਧਿਰਾਂ ਵਿੱਚ ਸਮਝੌਤਾ ਹੋਣ ਤੋਂ ਬਾਅਦ ਉਹਨਾਂ ਨੂੰ ਇਸ ਪਾਸੇ ਤੋਂ ਕੁਰਸੀ ਮਿਲਦੀ ਨਜ਼ਰ ਆਉਣ ਲੱਗੀ ਹੈ। ਇਸ ਤੋਂ ਪਹਿਲਾਂ ਪੰਜਾਬ ਵਿੱਚ ਦਹਾਕਿਆਂਬੱਧੀ ਕਾਂਗਰਸ ਅਤੇ ਅਕਾਲੀ ਦਲ ਵਿੱਚ ਉੱਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਚੱਲਦੀ ਰਹੀ ਸੀ। ਹੁਣ ਆਮ ਆਦਮੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸਿਆਸੀ ਸਮਕੋਣ ਬਦਲ ਗਏ ਹਨ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਅਕਾਲੀ ਦਲ ਦੇ ਛੋਟੇ ਭਰਾ ਵਜੋਂ ਵਿਚਰ ਰਹੀ ਸੀ। ਹੁਣ ਪੰਜਵੀਂ ਮਜ਼ਬੂਤ ਪੰਥਕ ਧਿਰ ਵੀ ਗੇੜਾ ਦਿੰਦੀ ਨਜ਼ਰ ਆਉਂਣ ਲੱਗੀ ਹੈ। ਪੰਜਾਬ ਦੀ ਨਵੀਂ ਸਿਆਸੀ ਦੌੜ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦਾ ਮੂਹਰੇ ਨਿਕਲਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਸਮਝੌਤਾ ਨਹੀਂ ਹੁੰਦਾ ਤਾਂ ਦੋਵੇਂ ਧਿਰਾਂ ਪੰਜਵੀਂ ਪੁਜੀਸ਼ਨ ਲਈ ਲੜਦੀਆਂ ਨਜ਼ਰ ਆਉਣਗੀਆਂ। ਹਾਂ ,ਇੱਕ ਗੱਲ ਪੱਕੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਧਿਰਾਂ ਅੰਦਰੋਂ ਇੱਕ ਹੋ ਜਾਣ ਤਾਂ ਇਹਨਾਂ ਨੂੰ ਕੋਈ ਹਰਾਉਣ ਵਾਲਾ ਜੰਮਿਆ ਨਹੀਂ। ਪਰ ਹਉਮੈ ਕਿਸੇ ਨੂੰ ਲਿਫਣ ਨਹੀਂ ਦਿੰਦੀ। ਮੈਂ ਦੂਜਿਆਂ ਨੂੰ ਉੱਪਰ ਉੱਠਣ ਨਹੀਂ ਦਿੰਦੀ। ਸੁਖਬੀਰ ਸਿੰਘ ਬਾਦਲ ਕਿਧਰੇ ਦੋ ਦਸੰਬਰ ਦੇ ਹੁਕਮਨਾਮੇ ਵਿੱਚ ਦਰਸਾਏ ਮਾਰਗ 'ਤੇ ਚੱਲ ਪੈਂਦੇ ਤਾਂ ਭਲਾ ਉਹਨਾਂ ਦਾ ਆਪਣਾ ਵੀ ਹੁੰਦਾ ਅਤੇ ਪੰਥ ਦਾ ਵੀ। ਹੁਣ ਉਹ ਸਮਾਂ ਬੀਤ ਗਿਆ ਲੱਗਦਾ ਹੈ ਜਦੋਂ ਅਕਾਲੀ ਲੀਡਰ ਕਿਹਾ ਕਰਦੇ ਸਨ ਕਿ ਪੰਥ ਵਸੇ ਮੈਂ ਉਜੜਾਂ ਮੈਂ ਮਨ ਚਾਉ ਘਨੇਰਾ। ਅਕਾਲੀ ਵਰਕਰ ਪੰਥ ਦੇ ਨਾਂ 'ਤੇ ਵੋਟਾਂ ਦੇ ਪੀਪੇ ਭਰ ਦਿੰਦੇ ਸਨ। ਸ਼ਾਇਦ ਉਹ ਇਸ ਭੁਲੇਖੇ ਵਿੱਚ ਰਹੇ ਹਨ ਕਿ ਪੰਥ ਦਾ ਮਤਲਬ ਖਾਲਸਾ ਰਾਜ ਹੈ। ਰੱਬ ਸਭ ਨੂੰ ਸੁਮੱਤ ਬਖਸ਼ੇ।



ਵਿੰਕਲਜੀਤ ਸਿੰਘ ਸਰਾ
9501477889

## ਆਸਥਾ ਦਾ ਵਪਾਰੀਕਰਨ

# ਧਾਰਮਿਕ ਅਸਥਾਨਾਂ 'ਤੇ ਪਸਰਿਆ ਰਿਸ਼ਵਤਖੋਰੀ ਦਾ ਜਾਲ ਅਤੇ ਰੂਹਾਨੀ ਕਤਲ

**ਆਸਥਾ ਦੀਆਂ ਬਰੂਹਾਂ 'ਤੇ ਪਸਰਿਆ ਵਪਾਰਕ ਹਨੇਰਾ :** ਕਿਸੇ ਵੀ ਸੱਭਿਅਤਾ ਵਿੱਚ ਧਾਰਮਿਕ ਅਸਥਾਨ ਉਹ ਪਵਿੱਤਰ ਟਾਪੂ ਹੁੰਦੇ ਹਨ, ਜਿੱਥੇ ਸੰਸਾਰੀ ਝੱਖੜਾਂ ਤੋਂ ਝੰਬਿਆ ਮਨੁੱਖ ਸਕੂਨ ਦੀ ਭਾਲ ਵਿੱਚ ਆਉਂਦਾ ਹੈ। ਇਹ ਉਹ ਦਰਬਾਰ ਹਨ, ਜਿੱਥੇ ਸਮਾਜਿਕ ਰੁਤਬੇ, ਜਾਤ-ਪਾਤ ਅਤੇ ਅਮੀਰੀ-ਗਰੀਬੀ ਦੀਆਂ ਦੀਵਾਰਾਂ ਢਹਿ ਜਾਣੀਆਂ ਚਾਹੀਦੀਆਂ ਸਨ। ਪਰ ਅਫ਼ਸੋਸ ਅੱਜ ਇਨ੍ਹਾਂ ਬਰੂਹਾਂ 'ਤੇ ਇੱਕ ਅਜਿਹਾ **'ਵਪਾਰਕ ਤੰਤਰ'** ਕਾਬਜ਼ ਹੋ ਚੁੱਕਾ ਹੈ, ਜਿਸ ਨੇ ਪ੍ਰਮਾਤਮਾ ਦੀ ਭਗਤੀ ਨੂੰ ਵੀ **'ਪ੍ਰੀਮੀਅਮ ਪੈਕੇਜ'** ਵਿੱਚ ਬਦਲ ਦਿੱਤਾ ਹੈ। ਜਦੋਂ ਅਸੀਂ ਧਾਰਮਿਕ ਅਸਥਾਨਾਂ ਦੇ ਅੰਦਰੂਨੀ ਪ੍ਰਬੰਧਾਂ ਦੀ **'ਪੜਚੋਲ'** ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਸਿਰਫ਼ **'ਦਰਸ਼ਨਾਂ'** ਦੀ ਭੀੜ ਨਹੀਂ ਸਗੋਂ ਆਸਥਾ ਦੀ ਉਹ ਮੰਡੀ ਹੈ, ਜਿੱਥੇ ਗਰੀਬ ਦੀ ਸ਼ਰਧਾ ਨੂੰ ਅਮੀਰ ਦੇ ਹੰਕਾਰ ਹੇਠ ਕੁਚਲਿਆ ਜਾ ਰਿਹਾ ਹੈ। ਇਹ ਲੇਖ ਉਨ੍ਹਾਂ ਅਣਗੌਲੇ ਸੇਵਾਦਾਰਾਂ ਦੀ **'ਰੂਹਾਨੀ ਖ਼ੁਦਕੁਸ਼ੀ'** ਦਾ ਵਿਸ਼ਲੇਸ਼ਣ ਕਰਦਾ ਹੈ, ਜਿਨ੍ਹਾਂ ਨੇ ਇਨ੍ਹਾਂ ਇਮਾਰਤਾਂ ਨੂੰ ਆਪਣੀ ਜਵਾਨੀ ਦੇ ਕੇ ਸਿੰਝਿਆ ਸੀ।

**ਸੇਵਾ ਦੇ ਬਦਲਦੇ ਪੈਮਾਨੇ; ਜਦੋਂ 'ਧਨ' ਨੇ 'ਤਨ' ਅਤੇ 'ਮਨ' ਨੂੰ ਪਿਛਾੜ ਦਿੱਤਾ :** ਸਾਡੇ ਧਰਮ ਗ੍ਰੰਥਾਂ ਵਿੱਚ ਸੇਵਾ ਦੇ ਤਿੰਨ ਮੁੱਖ ਪੜਾਅ ਦੱਸੇ ਗਏ ਹਨ: **ਅਰਾਧਨਾ** (ਪਾਠ-ਸਿਮਰਨ), **ਤਨ ਦੀ ਸੇਵਾ** (ਸਰੀਰਕ ਮਿਹਨਤ) ਅਤੇ **ਧਨ ਦੀ ਸੇਵਾ** (ਆਰਥਿਕ ਦਾਨ)। ਪੁਰਾਤਨ ਸਮਿਆਂ ਵਿੱਚ ਧਨ ਦੀ ਸੇਵਾ ਨੂੰ ਸਭ ਤੋਂ ਨਿਮਾਣਾ (ਨਖਿੱਧ) ਗਿਣਿਆ ਜਾਂਦਾ ਸੀ ਕਿਉਂਕਿ ਇਸ ਵਿੱਚ ਹਉਮੈ ਦਾ ਡਰ ਹੁੰਦਾ ਸੀ। ਪਰ ਅੱਜ ਦੇ **'ਨਿਰਖ-ਪਰਖ'** ਮੁਤਾਬਕ, ਧਨ ਦੀ ਸੇਵਾ ਨੇ ਪਹਿਲਾ ਸਥਾਨ ਪ੍ਰਾਪਤ ਕਰ ਲਿਆ ਹੈ। ਜਿਸ ਕੋਲ ਪੈਸਾ ਹੈ ਪ੍ਰਬੰਧਕੀ ਕਮੇਟੀਆਂ ਉਸੇ ਨੂੰ **'ਵੱਡਾ ਸੇਵਾਦਾਰ'** ਮੰਨ ਕੇ ਵਿਸ਼ੇਸ਼ ਸਨਮਾਨਾਂ, ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਨਿਵਾਜਦੀਆਂ ਹਨ। ਦੂਜੇ ਪਾਸੇ ਉਹ ਗਰੀਬ ਜਿਸ ਕੋਲ ਦੇਣ ਲਈ ਸਿਰਫ਼ ਆਪਣੀ ਜਵਾਨੀ ਅਤੇ ਸਮਾਂ ਸੀ, ਉਸ ਦੀ ਦਿਨ-ਰਾਤ ਦੀ ਘਾਲਣਾ ਨੂੰ ਇੱਕ ਮਾਮੂਲੀ **'ਮਜ਼ਦੂਰੀ'** ਦਾ ਨਾਮ ਦੇ ਕੇ ਅਣਗੌਲਿਆ ਕਰ ਦਿੱਤਾ ਜਾਂਦਾ ਹੈ।

**ਸੰਸਥਾਗਤ ਵਿਤਕਰਾ; ਧਰਮ ਦੇ ਨਾਂ 'ਤੇ ਫੈਲੀ ਰਿਸ਼ਵਤਖੋਰੀ :** ਗਰੀਬਾਂ ਨਾਲ ਵਿਤਕਰਾ ਅਕਸਰ ਸਰਕਾਰੀ ਜਾਂ ਨਿੱਜੀ ਸੰਸਥਾਵਾਂ ਵਿੱਚ ਦੇਖਣ ਨੂੰ ਮਿਲਦਾ ਸੀ ਪਰ ਹੁਣ ਇਹ ਧਾਰਮਿਕ ਅਸਥਾਨਾਂ ਵਿੱਚ ਵੀ ਬੁਰੀ ਤਰ੍ਹਾਂ ਫੈਲ ਚੁੱਕਾ ਹੈ। ਇੱਥੇ ਵੀ.ਆਈ.ਪੀ. ਕਲਚਰ ਦੇ ਰੂਪ ਵਿੱਚ ਇੱਕ ਅਜਿਹੀ ਰਿਸ਼ਵਤਖੋਰੀ ਚੱਲ ਰਹੀ ਹੈ, ਜਿੱਥੇ ਪੈਸੇ ਦੇ ਕੇ ਲਾਈਨਾਂ ਤੋੜੀਆਂ ਜਾਂਦੀਆਂ ਹਨ। ਜਦੋਂ ਕੋਈ ਵੱਡਾ ਦਾਨੀ ਜਾਂ ਪ੍ਰਭਾਵਸ਼ਾਲੀ ਵਿਅਕਤੀ **'ਪੈਰਾਸ਼ੂਟ'** ਰਾਹੀਂ ਉੱਤਰਦਾ ਹੈ ਤਾਂ ਪ੍ਰਬੰਧਕ ਉਸ ਅੱਗੇ ਵਿਛ ਜਾਂਦੇ ਹਨ। ਉਸੇ ਸਮੇਂ ਉਹ ਸੇਵਾਦਾਰ ਜੋ ਦਹਾਕਿਆਂ ਤੋਂ ਉਸ ਅਸਥਾਨ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਦਿਨ-ਰਾਤ ਇੱਕ ਕਰ ਰਿਹਾ ਸੀ, ਉਸ ਨੂੰ ਇੱਕ ਮਿੰਟ ਵਿੱਚ **'ਗਲਤ'** ਸਾਬਤ ਕਰਕੇ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਅਮੀਰਾਂ ਦੀ ਜੀ-ਹਜ਼ੂਰੀ ਵਿੱਚ ਮਸਤ ਕਮੇਟੀਆਂ ਇਹ ਭੁੱਲ ਜਾਂਦੀਆਂ ਹਨ ਕਿ ਅਸਲ




ਦਾਨੀ ਉਹ ਗਰੀਬ ਸੀ, ਜਿਸ ਨੇ ਆਪਣੇ ਪਰਿਵਾਰ ਨੂੰ ਵਿਸਾਰ ਕੇ ਰੱਬ ਦੇ ਘਰ ਨੂੰ ਆਪਣਾ ਘਰ ਮੰਨਿਆ ਸੀ।

**ਸ਼ਰਧਾ ਦੀ ਤ੍ਰਾਸਦੀ; ਨਾ ਰੱਬ ਮਿਲਿਆ, ਨਾ ਦੁਨੀਆ :** ਇੱਕ ਗਰੀਬ ਸੇਵਾਦਾਰ ਆਪਣੀ ਸ਼ਰਧਾ ਵਿੱਚ ਇੰਨਾ ਸਮਰਪਿਤ ਹੁੰਦਾ ਹੈ ਕਿ ਉਹ ਬਾਹਰਲੀ ਦੁਨੀਆ, ਸਮਾਜਿਕ ਰਿਸ਼ਤਿਆਂ ਅਤੇ ਇੱਥੋਂ ਤੱਕ ਕਿ ਆਪਣੇ ਮਾਂ-ਪਿਓ, ਪਤਨੀ ਅਤੇ ਬੱਚਿਆਂ ਤੋਂ ਵੀ ਦੂਰ ਹੋ ਜਾਂਦਾ ਹੈ। ਉਹ ਸੋਚਦਾ ਹੈ ਕਿ ਉਸ ਦੀ ਇਹ **'ਘਾਲਣਾ'** ਉਸ ਨੂੰ ਪ੍ਰਮਾਤਮਾ ਦੇ ਨੇੜੇ ਲੈ ਜਾਵੇਗੀ। ਪਰ ਜਦੋਂ ਧਾਰਮਿਕ ਅਸਥਾਨਾਂ ਤੋਂ ਉਸ ਨੂੰ **'ਧੱਕਾ'** ਪੈਂਦਾ ਹੈ ਤਾਂ ਉਹ ਅਜਿਹੀ ਸਥਿਤੀ ਵਿੱਚ ਫਸ ਜਾਂਦਾ ਹੈ ਜਿੱਥੇ ਉਹ ਨਾ ਘਰ ਦਾ ਰਹਿੰਦਾ ਹੈ, ਨਾ ਘਾਟ ਦਾ।

**ਗੁਆਚਿਆ ਸਮਾਂ:** ਉਹ ਬੁਢਾਪੇ ਦੀ ਦਹਿਲੀਜ਼ 'ਤੇ ਖੜ੍ਹਾ ਆਪਣਾ ਉਹ ਕੀਮਤੀ ਸਮਾਂ ਲੱਭਦਾ ਫਿਰਦਾ ਹੈ ਜੋ ਉਸ ਨੇ ਸੇਵਾ ਦੇ ਲੇਖੇ ਲਾਇਆ ਸੀ।

**ਦੁਨੀਆ ਦੀ ਬੇਰੁਖੀ:** ਦੁਨੀਆ ਉਸ ਨੂੰ **'ਨਕਾਰਾ'** ਕਹਿ ਕੇ ਰੱਦ ਕਰ ਦਿੰਦੀ ਹੈ ਕਿਉਂਕਿ ਉਸ ਕੋਲ ਕੋਈ ਦੁਨੀਆਵੀ ਪੂੰਜੀ ਨਹੀਂ ਹੁੰਦੀ।

**ਆਸਥਾ ਦਾ ਟੁੱਟਣਾ:** ਸਭ ਤੋਂ ਵੱਡਾ ਦੁੱਖ ਇਹ ਹੁੰਦਾ ਹੈ ਕਿ ਜਿਸ ਰੱਬ ਲਈ ਉਸ ਨੇ ਸਭ ਕੁਝ ਤਿਆਗਿਆ, ਉਸ ਦੇ ਘਰ ਵਿੱਚ ਹੋਈ ਬੇਇੱਜ਼ਤੀ ਉਸ ਦੇ ਮਨ ਵਿੱਚੋਂ ਰੱਬ ਦੀ ਹੋਂਦ ਨੂੰ ਵੀ ਧੁੰਦਲਾ ਕਰ ਦਿੰਦੀ ਹੈ।

**ਮਾਨਸਿਕ ਕਤਲ ਅਤੇ ਪਰਿਵਾਰਕ ਬੋਝ :** ਧਾਰਮਿਕ ਸੰਸਥਾਵਾਂ ਤੋਂ ਬੇਦਖ਼ਲ ਹੋਣ ਤੋਂ ਬਾਅਦ ਜਦੋਂ ਉਹ ਸੇਵਾਦਾਰ ਆਪਣੇ ਪਰਿਵਾਰ ਕੋਲ ਵਾਪਸ ਜਾਂਦਾ ਹੈ ਤਾਂ ਉਸ ਨੂੰ ਪਛਤਾਵੇ ਦੀ ਅੱਗ ਸਾੜਦੀ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਆਪਣੇ ਭੈਣ-ਭਰਾਵਾਂ ਅਤੇ ਬੱਚਿਆਂ ਦੇ ਵਧਣ-ਫੁੱਲਣ ਦੇ ਸੁਨਹਿਰੀ ਪਲ ਗੁਆ ਚੁੱਕਾ ਹੈ। ਸਰੀਰਕ ਸ਼ਕਤੀ ਖ਼ਤਮ ਹੋ ਜਾਣ ਕਾਰਨ ਉਹ ਹੁਣ ਨਵੀਂ ਸ਼ੁਰੂਆਤ ਨਹੀਂ ਕਰ ਸਕਦਾ ਅਤੇ ਆਪਣੇ ਹੀ ਪਰਿਵਾਰ 'ਤੇ ਬੋਝ ਬਣ ਜਾਂਦਾ ਹੈ। ਉਸ ਕੋਲ ਆਪਣੇ ਦੁੱਖੜੇ ਸੁਣਾਉਣ ਲਈ ਇੱਕ **'ਕੰਧ੍ਹਾ'** ਤੱਕ ਨਸੀਬ ਨਹੀਂ ਹੁੰਦੀ ਕਿਉਂਕਿ ਉਸ ਨੇ ਸੇਵਾ ਦੇ ਜਨੂੰਨ ਵਿੱਚ ਸਾਰੇ ਸਮਾਜਿਕ ਰਿਸ਼ਤੇ ਤੋੜ ਲਏ ਹੁੰਦੇ ਹਨ। ਇਹ ਸਥਿਤੀ ਉਸ ਨੂੰ ਡੂੰਘੇ ਡਿਪ੍ਰੈਸ਼ਨ (Depression) ਵੱਲ ਧੱਕਦੀ ਹੈ, ਜਿੱਥੇ ਨਕਾਰਾਤਮਕ ਵਿਚਾਰ ਉਸ ਦੀ ਜ਼ਿੰਦਗੀ ਦਾ ਅੰਤ ਕਰਨ ਦੀ ਕੋਸ਼ਿਸ਼ ਕਰਦੇ ਹਨ।

**ਜ਼ਮੀਰ ਨੂੰ ਇੱਕ ਤਿੱਖਾ ਸਵਾਲ :** ਕੀ ਸਾਡੀਆਂ ਧਾਰਮਿਕ ਸੰਸਥਾਵਾਂ ਕੋਲ ਉਨ੍ਹਾਂ ਜ਼ਿੰਦਗੀਆਂ ਦਾ ਕੋਈ ਹਿਸਾਬ ਹੈ ਜੋ ਸੇਵਾ ਦੇ ਨਾਂ 'ਤੇ ਤਬਾਹ ਹੋ ਗਈਆਂ? ਚਾਹੇ ਉਹ ਕੋਈ ਵੀ ਧਰਮ ਹੋਵੇ ਜੇਕਰ ਉੱਥੇ ਪੈਸੇ ਦੀ ਰਿਸ਼ਵਤਖੋਰੀ ਅਤੇ VIP ਕਲਚਰ ਕਾਰਨ ਇੱਕ ਗਰੀਬ ਸੇਵਾਦਾਰ ਦੀ ਘਾਲਣਾ ਮਿੱਟੀ ਵਿੱਚ ਮਿਲਦੀ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉੱਥੋਂ **'ਰੱਬ'** ਜਾ ਚੁੱਕਾ ਹੈ। ਗੈਬੀ ਸ਼ਕਤੀ ਭਾਵੇਂ ਉਸ ਦੀ ਸੇਵਾ ਬਿਰਥਾ ਨਾ ਜਾਣ ਦੇਵੇ ਪਰ ਦੁਨਿਆਵੀ ਤੌਰ 'ਤੇ ਉਸ ਇਨਸਾਨ ਨੂੰ ਜੋ ਜ਼ਖਮ ਲੱਗੇ ਹਨ ਉਹ ਕਦੇ ਨਹੀਂ ਭਰ ਸਕਦੇ। ਅਸਲ ਧਰਮ ਉਹ ਹੈ ਜੋ ਉਸ ਗਰੀਬ ਦੇ ਹੰਝੂ ਪੂੰਝੇ, ਜਿਸ ਨੇ ਆਪਣੀ ਪੂਰੀ ਹੋਂਦ ਉਸ ਅਸਥਾਨ ਦੇ ਲੇਖੇ ਲਾ ਦਿੱਤੀ ਨਾ ਕਿ ਉਨ੍ਹਾਂ ਨੂੰ ਸਿਰੋਪਾਓ ਦੇਵੇ ਜੋ ਸਿਰਫ਼ ਆਪਣੀ ਤਾਕਤ ਅਤੇ ਪੈਸੇ ਦਾ ਪ੍ਰਦਰਸ਼ਨ ਕਰਨ ਲਈ ਆਉਂਦੇ ਹਨ। ਇਹ ਲੇਖ ਉਨ੍ਹਾਂ ਹਜ਼ਾਰਾਂ ਅਣਗੌਲੇ ਸੇਵਾਦਾਰਾਂ ਦੀ ਆਵਾਜ਼ ਹੈ ਜਿਨ੍ਹਾਂ ਦਾ ਰੱਬ ਦੇ ਘਰ ਵਿੱਚ ਹੀ 'ਮਾਨਸਿਕ ਕਤਲ' ਕਰ ਦਿੱਤਾ ਗਿਆ।

